Postal No. - Jallandhar Vide No. L-4/PB/JL-0196/2024-2026

Regd No. 32212/78

# ਲੁਬਾਣਾ ਸੇਵਕ

ਫਰਵਰੀ 2024 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਮੁਬਾਰਕਾਂ ਮੁਬਾਰਕਾਂ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਸਿਮਰੋ ਸ੍ਰੀ ਹਰਿਰਾਇ...



ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪੋਤਰੇ ਹਰਿ ਰਾਇ ਜੀ ਨੂੰ 3 ਮਾਰਚ 1644 ਈ. ਨੂੰ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਗੁਰਗੱਦੀ ਬਖ਼ਸ਼ੀ। ਗੁਰੂ ਹਰਿ ਰਾਇ ਸਾਹਿਬ ਜੀ ਦਾ ਜਨਮ 16 ਜਨਵਰੀ 1630 ਈ. ਨੂੰ ਮਾਤਾ ਨਿਹਾਲ ਕੌਰ ਜੀ ਦੀ ਕੁਖੋਂ ਹੋਇਆ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਸਨ। ਬਾਵਜ ਗੁਰਦਿੱਤਾ ਜੀ ਦੇ ਦੋ ਸਪੁੱਤਰ ਸਨ : ਬਾਬਾ ਧੀਰ ਮੱਲ ਜੀ ਅਤੇ ਗੁਰੂ ਹਰਿ ਰਾਇ ਸਾਹਿਬ ਜੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਾਹਿਬਜ਼ਾਦੇ ਸਨ : ਬਾਬਾ ਗੁਰਦਿੱਤਾ ਜੀ, ਬਾਬਾ ਅਟੱਲ ਰਾਇ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਇ ਜੀ ਅਤੇ ਗੁਰੂ ਤੇਗ਼ ਬਹਾਦਰ ਜੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਿਤਾ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਸਮੇਂ ਦੀ ਨਜਾਕਤ ਭਾਂਪਦੇ ਹੋਏ ਵੱਡੇ ਕਾਰਜ ਆਰੰਭੇ ਅਤੇ ਕੀਤੇ -

"ਪੰਜ ਪਿਆਲੇ ਪੰਜ ਪੀਰ ਛਠਮੁ ਪੀਰ ਬੈਠਾ ਗੁਰ ਭਾਰੀ। ਅਰਜਨ ਕਾਇਆ ਪਲਟ ਕੈ ਮੂਰਤ ਹਰਿਗੋਬਿੰਦ ਸਵਾਰੀ।
ਚਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ॥ ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।"

ਛੇਵੇਂ ਪਾਤਸ਼ਾਹ ਜੀ ਨੂੰ ਗੁਰਗੱਦੀ 25 ਮਈ 1606 ਈ. ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਅਰਜਨ ਦੇਵ ਜੀ ਵੱਲੋਂ ਬਖ਼ਸ਼ੀ ਗਈ ਅਤੇ ਬਾਬਾ ਬੁੱਢਾ ਜੀ ਨੇ ਦੋ ਤਲਵਾਰਾਂ ਇਕ ਮੀਰੀ ਅਤੇ ਦੂਜੀ ਪੀਰੀ ਦੀਆਂ ਪਹਿਨਾਈਆਂ। ਆਪ ਜੀ ਨੇ ਸਿੱਖਾਂ ਨੂੰ ਸ਼ਸ਼ਤਰ ਅਤੇ ਘੋੜੇ ਭੇਟਾ ਕਰਨ ਲਈ ਕਿਹਾ ਅਤੇ ਅੰਗ ਰੱਖਿਅਕ ਰੱਖ ਕੇ ਨੌਜਵਾਨਾਂ ਫੌਜ ਤਿਆਰ-ਬਰ-ਤਿਆਰ ਕੀਤੀ ਅਤੇ ਲੋਹਗੜ੍ਹ ਕਿਲ੍ਹੇ ਦੀ ਉਸਾਰੀ ਕਰਵਾਈ। ਆਪ ਜੀ ਨੇ 1609 ਈ. ਵਿਚ ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਕੀਤੀ। 1611 ਈ. ਨੂੰ ਗੁਰੂ ਜੀ ਨੂੰ ਜਹਾਂਗੀਰ ਨੇ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕੀਤਾ ਜਿੱਥੇ ਹੋਰ ਵੀ ਰਾਜੇ ਬੰਦੀ ਸਨ। ਲੇਕਿਨ ਸਿੱਖ ਸੰਗਤਾਂ ਦੀ ਬੇਚੈਨੀ ਕਰਕੇ 52 ਰਾਜਿਆਂ ਸਮੇਤ ਗੁਰੂ ਜੀ ਰਿਹਾ ਹੋ ਕੇ ਦੀਵਾਲੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ। ਇਸ ਉਪਰੰਤ ਜਹਾਂਗੀਰ ਨੇ ਸੁਲਾਹ ਕਰ ਲਈ ਅਤੇ 13 ਸਾਲ ਅਮਨ ਰਿਹਾ। ਗੁਰੂ ਸਾਹਿਬ ਨੇ ਚਾਰ ਜੰਗਾਂ ਲੜੀਆਂ ਅਤੇ ਚਾਰਾਂ ਵਿਚ ਹੀ ਜਿੱਤ ਪ੍ਰਾਪਤ ਕੀਤੀ।। ਆਪ ਜੀ 3 ਮਾਰਚ 1644 ਈ. ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ-ਜੋਤ ਸਮਾ ਗਏ।

ਗੁਰੂ ਹਰਿ ਰਾਇ ਸਾਹਿਬ ਜੀ ਵੱਡਿਆਂ ਦੇ ਬਚਨਾਂ ਨੂੰ ਦ੍ਰਿੜ੍ਹਤਾ ਨਾਲ ਨਿਭਾਉਣ, ਆਪਣੇ ਸੇਵਕ ਦੇ ਮਨ ਦੀ ਜਾਨਣ ਵਾਲੇ ਸਨ। ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਬਾਣੀ ਦਾ ਬਹੁਤ ਸਤਿਕਾਰ ਅਤੇ ਸ਼ਰਧਾ ਕਰਦੇ ਸਨ। ਜਦੋਂ ਵੀ ਸੰਗਤਾਂ ਸ਼ਬਦ ਕੀਰਤਨ ਕਰਦੇ ਆਉਂਦੇ ਤੇ ਸਤਿਗੁਰਾਂ ਦੇ ਆਵਾਜ਼ ਕੰਨੀਂ ਪੈਂਦੀ ਤਾਂ ਤੁਰੰਤ ਕਾਹਲੀ ਨਾਲ ਆਪਣੇ ਪਲੰਘ ਤੋਂ ਥੱਲੇ ਆਉਂਦੇ ਕਿਉਂਕਿ ਗੁਰੂ ਜੀ ਕਹਿੰਦੇ ਸਨ ਕਿ ਇਹ ਬਾਣੀ ਨਿਰੰਕਾਰ ਦੀ ਹੈ। ਪੰਜਾਬ ਵਿਚ ਕਾਲ ਸਮੇਂ ਆਪਣੇ ਦਾਦਾ, ਪੜਦਾਦਾ ਜੀ ਦੇ ਪਾਏ ਪੂਰਨਿਆਂ ਤੇ ਚੱਲ ਕੇ ਆਪਣੇ ਸ਼ਾਹੀ ਖਜ਼ਾਨੇ ਦੇ ਪੂਰੇ ਪ੍ਰਬੰਧ ਨਾ ਹੋਣ ਕਾਰਨ, ਦਿਲ ਖੋਲ੍ਹ ਕੇ ਮਾਇਆ ਅਤੇ ਪਥਾਰਥਾਂ ਰਾਹੀਂ ਸੇਵਾ ਸੰਭਾਲ ਕੀਤੀ। ਇਸ ਤਰ੍ਹਾਂ ਸ਼ਾਹਜਹਾਨ ਦਾ ਵੱਡਾ ਪੁੱਤਰ ਦਾਰਾ ਸ਼ਿਕੋਹ ਜੋ ਕਿ ਪੰਜਾਬ ਦਾ ਗਵਰਨਰ ਸੀ ਉਹ ਗੁਰੂ ਜੀ ਦਾ ਕਾਇਲ ਹੋ ਗਿਆ ਅਤੇ ਗੁਰੂ ਜੀ ਨੂੰ ਕਈ ਵਾਰ ਮਿਲਿਆ ਅਤੇ ਗੁਰੂ ਜੀ ਨੂੰ ਲੰਗਰ ਵਾਸਤੇ ਜਗੀਰ ਦੇਣ ਦੀ ਜਾਚਨਾ ਕੀਤੀ ਪ੍ਰੰਤੂ ਗੁਰੂ ਜੀ ਨੇ ਇਹ ਆਖ ਕੇ ਇਨਕਾਰ ਕਰ ਦਿੱਤਾ ਕਿ ਲੰਗਰ ਸਿੱਖ ਸੰਗਤਾਂ ਦੇ ਪਿਆਰ ਕੁਰਬਾਨੀ ਰਾਹੀਂ ਹੀ ਚੱਲਣਾ ਚਾਹੀਦਾ ਹੈ। ਆਪ ਜੀ ਦਿਆਲੂ ਸਤਿਗੁਰ ਸਨ ਜਿਵੇਂ ਕਿ ਆਪ ਨੇ ਭਾਈ ਗਾਉਰਾ ਦੀ ਭੁੱਲ ਬਖ਼ਸ਼ੀ, ਭਾਈ ਜੀਉਣ ਜੀ ਨੂੰ ਪਰਉਪਕਾਰੀ ਬਣਾਇਆ ਅਤੇ ਸੇਧ ਦਿੱਤੀ ਕਿ ਅਕਾਲ ਪੁਰਖ ਦੇ ਹੁਕਮਾਂ ਵਿਚ ਰਹਿਣਾ ਹੈ ਅਤੇ ਪ੍ਰਾਣੀ ਆਪਣੇ ਕਰਮਾਂ ਅਨੁਸਾਰ ਜੀਵਨ ਭੋਗਦਾ ਹੈ। ਦੁੱਖ, ਸੁੱਖ, ਉਮਰ ਤਿੰਨਾਂ ਨੂੰ ਵਿਧਾਤਾ ਹੀ ਬਣਾਉਂਦਾ ਹੈ। ਪ੍ਰਭੂ ਦੀ ਮਰਯਾਦਾ ਅਟੱਲ ਹੈ। ਇਸ ਤਰ੍ਹਾਂ ਭਾਈ ਜੀਉਣਾ ਨੂੰ ਬ੍ਰਾਹਮਣ ਦੇ ਪੁੱਤਰ ਨੂੰ ਜੀਵਤ ਕਰਨ ਬਦਲੇ ਭਾਈ ਜੀਉਣ ਨੂੰ ਜਿੰਦ ਬਦਲੇ ਜਿੰਦ ਦੇਣੀ ਪਈ। ਆਪ ਜੀ ਨੇ ਮਰ੍ਹਜ ਗੋਤ ਦੇ ਕਿਸਾਨਾਂ ਦਾ ਵੱਸਣਾ ਕੀਤਾ ਜੋ ਕਿ ਕੌੜੇ ਗੋਤ ਦੇ ਮਾਲਵੇ ਦੇ ਕਿਸਾਨ ਤਕੜੇ ਅਤੇ ਮਾਲਕ ਸਨ। ਗੁਰੂ ਜੀ ਦੀ ਪ੍ਰੇਰਨਾ ਸਦਕਾ ਜੈਤ ਪਿਰਾਣਾ ਮਾਲਕਾਂ ਨਾਲ ਡੱਟ ਕੇ ਮੁਕਾਬਲਾ ਕੀਤਾ ਅਤੇ ਗੁਰੂ ਕ੍ਰਿਪਾ ਨਾਲ ਉਹ ਮੈਦਾਨ ਛੱਡ ਕੇ ਭੱਜ ਗਏ। ਫਿਰ ਇਨ੍ਹਾਂ ਨੇ ਮਹਿਰਾਜ ਨਗਰ ਦੀ ਉਸਾਰੀ ਕੀਤੀ। ਇਸੇ ਤਰ੍ਹਾਂ ਮਰ੍ਹਜ ਕੁਲ ਦਾ ਇਕ ਆਗੂ ਕਾਲਾ ਨਾਮ ਵਿਅਕਤੀ ਆਪਣੇ ਯਤੀਮ ਭਤੀਜੇ ਜਿਨ੍ਹਾਂ ਦਾ ਨਾਮ ਫੂਲ ਅਤੇ ਸੰਦਲੀ ਸਨ ਦੀ ਪਾਲਣਾ ਕਰ ਰਿਹਾ ਸੀ। ਉਹ ਗੁਰੂ ਹਰਿ ਰਾਇ ਸਾਹਿਬ ਦਾ ਸ਼ਰਧਾਵਾਨ ਸਿੱਖ ਸੀ। ਉਨ੍ਹਾਂ ਭੁੱਖੇ ਬੱਚਿਆਂ ਨੂੰ ਗੁਰੂ ਜੀ ਨੇ ਕਿਹਾ ਕਿ ਇਹ ਤਾਂ ਰਾਜਕੁਮਾਰ ਹਨ ਇਹ ਤਾਂ ਰਾਜ ਕਰਨਗੇ। ਇਨ੍ਹਾਂ ਦੇ ਘੋੜੇ ਯਮਨਾ ਨਦੀ ਵਿਚ ਪਾਣੀ ਪੀਆ ਕਰਨਗੇ। ਇਸੇ ਤਰ੍ਹਾਂ ਕਾਲੇ ਦੀ ਪਤਨੀ ਦੇ ਕਹਿਣ ਤੇ ਕਾਲੇ ਦੀ ਔਲਾਦ ਨੂੰ ਵਰ ਮਿਲਿਆ ਕਿ ਵਾਹਿਗੁਰੂ ਦੀ ਕ੍ਰਿਪਾ ਨਾਲ ਇਨ੍ਹਾਂ ਦੀ ਔਲਾਦ ਨੂੰ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਆਵੇਗੀ ਅਤੇ ਵੱਡੇ-ਵੱਡੇ ਜ਼ਿੰਮੀਦਾਰ ਹੋਣਗੇ। ਅੱਜ ਉਹੀ ਇਲਾਕੇ ਵਾਲੇ ਚੜ੍ਹਦੀ ਕਲਾ ਵਿਚ ਹਨ। ਗੁਰੂ ਜੀ ਨੇ ਕੀਰਤਪੁਰ ਸਾਹਿਬ ਵਿਖੇ ਉੱਤਮ ਦਰਜੇ ਦਾ ਸ਼ਾਹੀ ਦਵਾ ਭੰਡਾਰ ਉਪਲਬਧ ਕੀਤਾ ਜਿਸ ਨਾਲ ਬਹੁਤ ਲੋਕਾਂ ਨੂੰ ਆਰਾਮ ਮਿਲਦਾ ਸੀ ਅਤੇ ਦਾਰਾ ਸ਼ਿਕੋਹ ਵੀ ਇਥੋਂ ਦੁਰਲੱਭ ਦਵਾ ਨਾਲ ਠੀਕ ਹੋਇਆ ਸੀ। ਆਪ ਜੀ ਨੇ ਭਾਈ ਕਰਮ ਵੱਲੋਂ ਦਿਲੋਂ ਸ਼ਰਧਾਵਾਨ ਹੋਣ ਤੇ ਅੰਬ ਸਾਹਿਬ (ਮੋਹਾਲੀ) ਵਿਖੇ ਸੱਤਵੇਂ ਜਾਮੇਂ ਵਿਚ ਬੇਮੌਸਮੀ ਰੁੱਤੇ ਵੀ ਅੰਬ ਛੱਕੇ। ਆਪ ਜੀ ਨੇ ਬਾਬਾ ਰਾਮ ਰਾਇ ਜੀ ਨੂੰ ਗੁਰਬਾਣੀ ਨੂੰ ਔਰੰਗਜ਼ੇਬ ਦੇ ਦਰਬਾਰ ਵਿਚ **"ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ"** ਨੂੰ **"ਮਿੱਟੀ ਬੇਈਮਾਨ ਕੀ ਉਚਾਰਿਆ"** ਜਿਸ ਕਾਰਨ ਗੁਰੂ ਜੀ ਨੇ ਉਹਨਾਂ ਨੂੰ ਮੱਥੇ ਨਾ ਲੱਗਣ ਦੀ ਹਦਾਇਤ ਕੀਤੀ ਅਤੇ ਗੁਰਤਾ ਗੱਦੀ ਸ੍ਰੀ ਗੁਰੂ ਕ੍ਰਿਸ਼ਨ ਸਾਹਿਬ ਜੀ ਨੂੰ ਬਖ਼ਸ਼ਿਸ਼ ਹੋਈ।

ਗੁਰੂ ਸਾਹਿਬਾਨਾਂ ਨੇ ਜੀਵਨ ਜਾਂਚ ਗੁਰ ਮਰਿਆਦਾ, ਜ਼ੁਲਮ ਦਾ ਟਾਕਰਾ ਕਰਨਾ, ਮਜ਼ਲੂਮਾਂ ਦੀ ਰੱਖਿਆ ਕਰਨ, ਬਾਣੀ ਤੇ ਬਾਣੇ ਦੀ ਰਹਿਤ, ਵੱਡਿਆਂ ਦਾ ਸਤਿਕਾਰ ਅਤੇ ਪੂਰਨਿਆਂ 'ਤੇ ਚੱਲਣ ਨੂੰ ਹੀ ਕਿਹਾ ਹੈ।

ਹਰਭਜਨ ਸਿੰਘ
ਪ੍ਰਧਾਨ
ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

# ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ



**Chief Editor**
**Er. Harbhajan Singh**
**Dy. C.E. (Retd.) President**
**M.: 98140-62091**

**Addl. Chief Editor**
**Er. Parminderjit Singh**
**M.: 99153-57524**

**Editor**
**Er. Bhagwan Singh Lubana**
**Dy C.E. (Retd.)**
**E-mail:bslubana187@gmail.com**
**M.: 98155-40240**

**Co-Editor**
**S. Surinder Singh Ruby ETO (Retd.)**
**M.: 98141-28181**

## Advisors

1. S. Naginderjit Singh (Legal Advisor)
   Session Judge (Retd.),
   M.: 98159-02643
2. S. Narinder Singh, PES (Retd.)
   M.: 98555-34236
3. S. Mohinder Singh, DSP (Retd.)
   M.: 98144-74535
4. Dr. Preet Mohinder Pal Singh
   M.: 98148-98289

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98140-62091
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98140-62091

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥**
**ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥**

**ਮਾਘਿ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**

**ਪੂਰਨਮਾਸ਼ੀ - 24-02-2024 (ਸ਼ਨੀਵਾਰ)**
**ਸੰਗਰਾਂਦ - 13-02-2024 (ਮੰਗਲਵਾਰ)**
**ਮੱਸਿਆ - 09-02-2024 (ਸ਼ੁੱਕਰਵਾਰ)**

## ਤਤਕਰਾ

ਜਿਲਦ ਨੰ. 41 | ਅੰਕ - 128 | ਫਰਵਰੀ - 2024


| | | |
|---|---|---|
| 1. | ਆਈ ਬਸੰਤ ਪਾਲਾ ਉਡੰਤ | 4 |
| 2. | ਪੰਜਾਬ ਦਾ ਇਤਿਹਾਸ-3 | 7 |
| 3. | ਸੱਤਵੇਂ ਨਾਨਕ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 12 |
| 4. | ਗੁਰ ਸਾਗਰ ਦੇ ਸੁੱਚੇ ਮੋਤੀ | 13 |
| 4. | ਜਨਵਰੀ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 14 |
| 5. | ਜਿਤੁ ਕੋ ਲਾਇਆ ਤਿਤ ਹੀ ਲਗਾਨਾ॥ ਅੰਗ 914 | 16 |
| 6. | ਸਾਕਾ ਸ੍ਰੀ ਨਨਕਾਣਾ ਸਾਹਿਬ | 17 |
| 7. | ਹਮ ਨਹੀਂ ਚੰਗੇ | 19 |
| 8. | ਜੀਵਨ ਵਿਕਾਸ - ਇਕ ਸੰਘਰਸ਼ | 20 |
| 9. | ਭਗਤ ਰਵਿਦਾਸ ਜੀ ਦਾ ਰੂਹਾਨੀ ਉਪਦੇਸ਼ | 22 |
| 10. | ਪਾਕਿਸਤਾਨ ਵਿਚ ਸਿੱਖਾਂ ਦੇ ਧਾਰਮਿਕ ਅਸਥਾਨ | 26 |
| 11. | ਭੁੱਖੇ ਢਿੱਡ ਜ਼ਿੰਦਗੀ ਦਾ ਸਫ਼ਰ | 27 |
| 12. | ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ | 29 |
| 13. | ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਸਰਟੀਫਿਕੇਟ ਬਨਾਉਣ ਲਈ..... | 31 |
| 14. | ਅਪਾਹਜ | 32 |
| 15. | ਆਓ ਜਾਣੀਏ! | 33 |
| 16. | ਸਿਹਤ ਸੰਭਾਲ | 34 |
| 17. | ਸ਼ਰਧਾਂਜ਼ਲੀ - ਨਿੱਘੀ ਮਿੱਠੀ ਯਾਦ | 35 |
| 18. | ਕਾਵਿ-ਕਿਆਰੀ | 36 |
| 19. | ਸ਼ਬਦਾਂ ਦੇ ਸੰਜੋਗ | 37 |
| 20. | युवा वर्ग और बेकारी की समस्या | 38 |
| 21. | Matrimonial | 39 |
| 22. | ਦਾਨੀ ਸੱਜਣਾਂ ਦੀ ਸੂਚੀ | 41 |
| 20. | Matrimonial | 40 |
| 21. | ਦਾਨੀ ਸੱਜਣਾਂ ਦੀ ਸੂਚੀ | 41 |


**'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।**


**Printed & Published by Harbhajan Singh for Baba Makhan Shah Lobana Foundation (Regd.) Sector 30-A, Chandigarh.**

**Computer Designing - Walia Enterprises, M.: 98153-78692**

# ਆਈ ਬਸੰਤ ਪਾਲਾ ਉਡੰਤ




ਸੰਪਾਦਕ
ਭਗਵਾਨ ਸਿੰਘ
ਲੁਬਾਣਾ
98155-40240




ਰੁੱਤਾਂ ਵਿਚੋਂ ਰੁੱਤ, ਬਸੰਤ ਰੁੱਤ। ਹੋਰ ਕੋਈ ਵੀ ਰੁੱਤ ਇੰਨੀ ਸੋਹਣੀ ਤੇ ਸੁਹਾਵਣੀ ਨਹੀਂ ਹੁੰਦੀ। ਸਿਆਲ ਆਉਂਦਾ ਹੈ ਤਾਂ ਕੰਬਣੀ ਛੇੜ ਜਾਂਦਾ ਹੈ। ਸਿਆਲ ਰੁੱਤ ਬਾਰੇ ਆਮ ਕਹਾਵਤ ਹੈ:–

**ਸਿਆਲ ਦਾ ਪਾਲਾ, ਜਵਾਨਾਂ ਦਾ ਸਾਲਾ,**
**ਬੱਚਿਆਂ ਦਾ ਭਾਈ ਤੇ ਬੁੱਢਿਆਂ ਦਾ ਜਵਾਈ।**

ਅਸੀਂ ਸਾਲ ਵਿਚ ਕਈ ਰੁੱਤਾਂ ਹੰਢਾਂਦੇ ਹਾਂ। ਕਦੀ ਗਰਮੀ ਤੇ ਕਦੀ ਪਾਲਾ। ਕਦੀ ਤੱਤੀ ਲੂ ਤੇ ਕਦੀ ਵਰਖਾ ਦੀਆਂ ਫੁਹਾਰਾਂ। ਕਦੀ ਪੱਤਝੜ ਤੇ ਕਦੀ ਫੁੱਲਾਂ-ਫਲਾਂ ਨਾਲ ਲੱਦੇ ਪੌਦੇ। ਕਦੀ ਵਿਸਾਖ ਦੀਆਂ ਵਾਢੀਆਂ ਤੇ ਕਦੀ ਸੜਦਾ ਹੋਇਆ ਜੇਠ-ਹਾੜ੍ਹ। ਕਦੀ ਸਾਉਣ ਦੀਆਂ ਝੜੀਆਂ ਤੇ ਕਦੀ ਭਾਦੋਂ ਦੇ ਛੱਰਾਟੇ। ਕਦੀ ਇਸ ਤਰ੍ਹਾਂ ਵੀ ਹੁੰਦਾ ਹੈ,

ਅੱਸੂ ਮਾਂਹ ਨਿਰਾਲੇ, ਦਿਨੇ ਧੁੱਪਾਂ ਤੇ ਰਾਤੀਂ ਪਾਲੇ।

ਬਸੰਤ ਰੁੱਤ ਪੱਤਝੜੀ ਸਿਆਲ ਰੁੱਤ ਦੇ ਪਿਛੋਂ ਆਉਂਦੀ ਹੈ। ਇਸ ਦੇ ਹਿੱਸੇ ਮਾਘ, ਫੱਗਣ ਤੇ ਚੇਤਰ ਦੇ ਕੁਝ ਦਿਨ (ਫਰਵਰੀ-ਮਾਰਚ) ਆਉਂਦੇ ਹਨ। ਇਸ ਦੇ ਪਿੱਛੇ-ਪਿੱਛੇ ਗਰਮੀ ਦੀ ਰੁੱਤ ਆ ਰਹੀ ਹੁੰਦੀ ਹੈ। ਇਸ ਤਰ੍ਹਾਂ ਬਸੰਤ ਰੁੱਤ ਸਿਆਲੇ ਤੇ ਹੁਨਾਲੇ ਦਾ ਵਿਚਕਾਰਲਾ ਸਮਾਂ ਹੈ।

ਬਸੰਤ ਨੂੰ ਰਿਤੂ ਰਾਜਾ ਕਿਹਾ ਜਾਂਦਾ ਹੈ। ਮਹਾਂ ਕਵੀ ਕਾਲੀ ਦਾਸ ਨੇ ਵੀ ਆਪਣੀ ਪ੍ਰਸਿੱਧ ਪੁਸਤਕ ਰਿਤੂ ਸਮਹਾ ਵਿਚ ਇਸ ਦੀ ਵਡਿਆਈ ਕੀਤੀ ਹੈ। ਉਹ ਲਿਖਦਾ ਹੈ ਭਵਤੁ ਭਵ ਬਸੰਤ ਸ੍ਰੇਸ਼ਟ ਕਾਲ ਸੁਖਾਯ। ਭਾਵ ਬਸੰਤ ਸਾਰੀਆਂ ਰੁੱਤਾਂ ਵਿਚੋਂ ਸੁਖਦਾਈ ਰੁੱਤ ਹੁੰਦੀ ਹੈ। ਇਸ ਰੁੱਤ 'ਚ ਸਰੀਰ ਨੂੰ ਸੁੱਖ ਮਿਲਦਾ ਹੈ।

ਰੁੱਤਾਂ ਦਾ ਇਹ ਚੱਕਰ ਪ੍ਰਿਥਵੀ ਦੇ ਸੂਰਜ ਦੁਆਲੇ ਘੁੰਮਣ ਕਰਕੇ ਪੈਦਾ ਹੁੰਦਾ ਹੈ। ਬਸੰਤ ਰੁੱਤ ਵਿਚ ਪ੍ਰਿਥਵੀ ਸਿਆਲ (ਸਰਦੀ ਦੀ ਰੁੱਤ) ਵਿਚੋਂ ਨਿਕਲ ਕੇ ਗਰਮੀਆਂ ਦੇ ਪੱਖ ਵੱਲ ਜਾ ਰਹੀ ਹੁੰਦੀ ਹੈ। ਇਹ ਤਬਦੀਲੀ ਇਕਦਮ ਨਹੀਂ ਹੁੰਦੀ ਸਗੋਂ ਹੌਲੀ ਹੌਲੀ ਵਾਪਰਦੀ ਹੈ। ਮਾਰਚ ਦੇ ਮਹੀਨੇ ਪ੍ਰਿਥਵੀ ਦਾ ਕੋਈ ਵਿਸ਼ੇਸ਼ ਝੁਕਾਅ ਨਹੀਂ ਬਣਦਾ। ਪ੍ਰਿਥਵੀ ਦਾ ਕੋਈ ਵਿਸ਼ੇਸ਼ ਹਿੱਸਾ ਸੂਰਜ ਸਾਹਮਣੇ ਨਹੀਂ ਹੁੰਦਾ ਸਗੋਂ ਸਾਰੀ ਪ੍ਰਿਥਵੀ ਸੂਰਜ ਮੂਹਰੇ ਇਕੋ ਜਿਹੀ ਸੇਧ ਵਿਚ ਹੁੰਦੀ ਹੈ। ਦਿਨ ਰਾਤ ਵੀ ਬਰਾਬਰ ਜਿਹੇ ਹੋ ਜਾਂਦੇ ਹਨ। ਮੌਸਮ ਵੀ ਠੀਕ ਹੋ ਜਾਂਦਾ ਹੈ। ਨਾ ਬਹੁਤੀ ਗਰਮੀ ਅਤੇ ਨਾ ਬਹੁਤੀ ਸਰਦੀ ਹੁੰਦੀ ਹੈ। ਇਸੇ ਰੁੱਤ ਨੂੰ ਬਸੰਤ ਕਿਹਾ ਜਾਂਦਾ ਹੈ। ਸਿਆਲ ਵਿਚ ਦਿਨ ਛੋਟੇ ਅਤੇ ਰਾਤਾਂ ਲੰਬੀਆਂ ਹੁੰਦੀਆਂ ਹਨ ਪਰ ਬਸੰਤ ਵਿਚ ਦਿਨ ਵੱਡੇ ਹੋਣ

ਲਗਦੇ ਹਨ। ਮਾਰਚ ਦੇ ਮਹੀਨੇ ਦੀ 22 ਤਾਰੀਖ ਨੂੰ ਦਿਨ ਅਤੇ ਰਾਤ ਬਰਾਬਰ ਹੋ ਜਾਂਦੇ ਹਨ ਪਰ ਇਸ ਦਿਨ ਪਿਛੋਂ ਦਿਨ ਵੱਡੇ ਤੇ ਰਾਤਾਂ ਛੋਟੀਆਂ ਹੋਣ ਲੱਗਦੀਆਂ ਹਨ। ਇਹ ਗਰਮੀਆਂ ਦੇ ਪੱਖ ਦਾ ਆਗਮਨ ਹੁੰਦਾ ਹੈ ਜਾਂ ਕਹਿ ਲਓ ਕਿ ਇਹ ਗਰਮੀ ਦਾ ਆਰੰਭ ਹੁੰਦਾ ਹੈ।

ਮਾਘ ਦੀਆਂ ਨਿੱਘੀਆਂ ਨਿੱਘੀਆਂ ਧੁੱਪਾਂ ਨਾਲ ਨਵੀਂ ਰੁੱਤ ਸ਼ੁਰੂ ਹੋ ਜਾਂਦੀ ਹੈ। ਜੇਕਰ ਲੋਹੜੀ ਪੋਹ ਮਹੀਨੇ ਦਾ ਅੰਤ ਹੈ ਤਾਂ ਬਸੰਤ ਪੰਚਮੀ ਬਹਾਰ ਰੁੱਤ ਦਾ ਆਰੰਭ ਹੈ। ਅਸੀਂ ਬਸੰਤ ਪੰਚਮੀ ਨਾਲ ਇਸ ਸੁੰਦਰ ਤੇ ਸੁਹਾਣੀ ਰੁੱਤ ਦਾ ਸੁਆਗਤ ਕਰਦੇ ਹਾਂ। ਲੋਕ ਆਪ ਮੁਹਾਰੇ ਹੀ ਆਖਦੇ ਹਨ ਆਈ ਬਸੰਤ, ਪਾਲਾ ਉਡੰਤ।



ਮਾਘ ਵਿਚ ਪਾਲੇ ਦੀ ਮੌਤ ਹੋ ਜਾਂਦੀ ਹੈ ਤੇ ਫੱਗਣ ਵਿਚ ਇਸਦਾ ਸੋਗ ਕਰ ਲਿਆ ਜਾਂਦਾ ਹੈ। ਫੱਗਣ ਵਾਉ ਵੱਗਣ ਦੀ ਅਖਾਣ ਅਨੁਸਾਰ ਹੁਣ ਹਵਾਵਾਂ ਵਿਚ ਵੀ ਕੁਝ ਤੇਜ਼ੀ ਆਉਣ ਲੱਗਦੀ ਹੈ। ਫੱਗਣ ਦੀ ਇਸ ਹਵਾ ਨੂੰ ਕੁਝ ਥਾਵਾਂ ਤੇ ਲੋਕ ਫਾਗਾ ਵੀ ਕਹਿੰਦੇ ਹਨ। ਇਹ ਫਾਗ ਹੀ ਹੌਲੀ ਹੌਲੀ ਗਰਮੀ ਨਾਲ ਪੱਕ ਕੇ ਲੂ ਬਣ ਜਾਂਦੀ ਹੈ। ਮਾਘ ਦੇ ਅੰਤਲੇ ਪੱਖ ਵਿਚ ਬਸੰਤ ਰੁੱਤ ਦੀਆਂ ਨਿੱਘੀਆਂ ਧੁੱਪਾਂ ਨਾਲ ਪਾਲਾ ਘਰਾਂ ਨੂੰ ਚਲਿਆ ਜਾਂਦਾ ਹੈ। ਇਸ ਰੁੱਤ ਵਿਚ ਸਵੇਰ ਤੇ ਸ਼ਾਮ ਹਵਾ ਅਡੋਲ ਹੋਈ ਹੀ ਅਨੁਭਵ ਹੁੰਦੀ ਹੈ ਪਰ ਦੁਪਹਿਰ ਪਿਛੋਂ ਕੁਝ ਤੇਜ਼ੀ ਫੜ ਲੈਂਦੀ ਹੈ। ਫੱਗਣ ਦੀਆਂ ਇਹ ਰੁਮਕਦੀਆਂ ਹਵਾਵਾਂ ਤਪਸ਼ ਵਧਣ ਨਾਲ ਜੇਠ-ਹਾੜ ਦੀਆਂ ਹਨ੍ਹੇਰੀਆਂ ਵਿਚ ਬਦਲ ਜਾਂਦੀਆਂ ਹਨ। ਇਸ ਤਰ੍ਹਾਂ ਫਲਾਂ, ਫੁੱਲਾਂ ਤੇ ਸਾਡੀਆਂ ਫ਼ਸਲਾਂ ਦੀ ਸੁੱਖ ਮੰਗਦਾ ਹੋਇਆ ਫੱਗਣ ਦਾ ਮਹੀਨਾ ਵੀ ਲੰਘ ਜਾਂਦਾ ਹੈ।

ਸਾਡੇ ਬਹੁਤੇ ਤਿਉਹਾਰ ਬਦਲਦੀਆਂ ਰੁੱਤਾਂ ਨਾਲ ਸਬੰਧ ਰਖਦੇ ਹਨ। ਬਸੰਤ ਪੰਚਮੀ, ਹੋਲੀ ਅਤੇ ਵੈਸਾਖੀ ਵਰਗੇ ਤਿਉਹਾਰ ਰੁੱਤਾਂ ਨਾਲ ਹੀ ਜੁੜੇ ਹੋਏ ਹਨ। ਕਈ ਵਾਰ ਕਿਸੇ ਮਹਾਂ ਪੁਰਸ਼ ਜਾਂ ਕਿਸੇ ਵਿਸ਼ੇਸ਼ ਘਟਨਾ ਨਾਲ ਜੁੜਨ ਕਰਕੇ ਇਹ ਤਿਉਹਾਰ ਹੋਰ ਵੀ ਪਵਿੱਤਰ ਬਣ ਜਾਂਦੇ ਹਨ। ਬਸੰਤ ਪੰਚਮੀ ਦਾ ਪੁਰਬ ਬੜਾ ਰੰਗੀਲਾ ਹੈ ਪਰ ਇਹ ਇਸ ਕਰਕੇ ਵੀ ਪਵਿੱਤਰ ਤੇ ਮਹਾਨ ਹੈ ਕਿਉਂਕਿ ਇਸ ਨਾਲ ਵੀਰ ਹਕੀਕਤ ਰਾਏ ਦੀ ਸ਼ਹੀਦੀ ਜੁੜੀ ਹੋਈ ਹੈ।

ਵੈਸਾਖੀ ਗਰਮ ਰੁੱਤ ਦੇ ਸੁਆਗਤ ਦਾ ਦਿਵਸ ਹੈ। ਇਸ ਦਿਨ ਕਿਸਾਨ ਕਣਕਾਂ ਦੀ ਵਾਢੀ ਸ਼ੁਰੂ ਕਰਦਾ ਹੈ। ਉਸਦੀ ਫਸਲ ਨੇ ਘਰ ਦੇ ਨਹੀਂ ਸਗੋਂ ਦੇਸ਼ ਦੇ ਭੜੋਲੇ ਭਰਨੇ ਹਨ। ਇਸ ਖ਼ੁਸ਼ੀ ਨੂੰ ਵੰਡਣ ਲਈ ਉਹ ਦਮਾਮੇ ਮਾਰਦਾ ਮੇਲੇ ਵਿਚ ਪਹੁੰਚ ਜਾਂਦਾ ਹੈ।

ਕੁਝ ਤਿਉਹਾਰ ਸਾਡੇ ਇਤਿਹਾਸ ਨਾਲ ਜੁੜੇ ਹੋਏ ਹਨ ਜਿਵੇਂ ਕਿ ਦੁਸ਼ਹਿਰਾ, ਦੀਵਾਲੀ, ਸੁਤੰਤਰਤਾ ਦਿਵਸ ਅਤੇ ਗਣਤੰਤਰ ਦਿਵਸ। ਕੁਝ ਤਿਉਹਾਰ ਕੇਵਲ ਮਹਾਂ ਪੁਰਸ਼ਾਂ ਦੀ ਯਾਦ ਵਿਚ ਹੀ ਮਨਾਏ ਜਾਂਦੇ ਹਨ ਜਿਵੇਂ ਗੁਰਪੁਰਬ, ਰਾਮਨੌਮੀ, ਬੁੱਧ ਜੈਯੰਤੀ, ਜਨਮ ਅਸ਼ਟਮੀ, ਸ਼ਿਵਰਾਤਰੀ ਅਤੇ ਬਾਲ ਦਿਵਸ।

ਬਸੰਤ ਪੰਚਮੀ ਮੱਘਰ ਮਹੀਨੇ ਦੇ ਚਾਨਣੇ ਪੱਖ ਦੀ ਪੰਚਮੀ (ਫਰਵਰੀ) ਨੂੰ ਮਨਾਈ ਜਾਂਦੀ ਹੈ। ਇਹ ਮਹੀਨਾ ਪਿਆਰੀ ਮਹਿਕਾਂ ਭਰੀ ਬਸੰਤ ਰੁੱਤ ਦੇ ਆਉਣ ਦਾ ਸੰਦੇਸ਼ ਦਿੰਦਾ ਹੈ। ਬਸੰਤ ਪੰਚਮੀ ਸਾਡੇ ਦੇਸ਼ ਦਾ ਇਕ ਲੋਕ ਤਿਉਹਾਰ ਹੈ। ਸਮੇਂ ਦੇ ਗੇੜ ਨਾਲ ਇਸ ਤਿਉਹਾਰ ਨੇ ਵੀ ਕਈ ਰੂਪ ਬਦਲੇ ਹਨ। ਹੁਣ ਇਹ ਪੂਰੇ ਨਿਖਾਰ ਨਾਲ ਭਾਰਤ ਵਿਚ ਕੇਵਲ ਰੁੱਤ ਪੂਰਬ ਵਜੋਂ ਹੀ ਮਨਾਇਆ ਜਾਂਦਾ ਹੈ। ਪ੍ਰਾਚੀਨ ਭਾਰਤ ਵਿਚ ਬਸੰਤ ਦੇ ਤਿਉਹਾਰ ਨੂੰ ਸੁਵਸੰਤਕ ਕਹਿੰਦੇ ਹਨ। ਇਸ ਦਿਨ ਦੇਵਤਿਆਂ ਦੀ ਪੂਜਾ ਕੀਤੀ ਜਾਂਦੀ ਸੀ। ਪਿੰਡਾਂ ਵਿਚ ਲੋਕ ਨੱਚਦੇ, ਕੁੱਦਦੇ ਅਤੇ ਖ਼ੁਸ਼ੀਆਂ ਮਨਾਉਂਦੇ ਸਨ। ਹਰ ਪਾਸੇ ਖੇੜਾ ਹੁੰਦਾ ਸੀ।

ਬਸੰਤ ਪਤੰਗਬਾਜ਼ੀ ਲਈ ਸਭ ਤੋਂ ਵਧੀਆ ਰੁੱਤ ਹੈ। ਇਸ ਰੁੱਤੇ ਪੌਣ ਬਹੁਤੀ ਤੇਜ਼ ਨਹੀਂ ਵਗਦੀ ਸਗੋਂ ਮੰਦ ਰੁਮਕ ਰਹੀ ਹੁੰਦੀ ਹੈ। ਪੌਣ ਬਹੁਤੀ ਸਿੱਲ੍ਹੀ ਵੀ ਨਹੀਂ ਹੁੰਦੀ। ਅਸਮਾਨ ਸਾਫ਼ ਸੁਥਰਾ ਤੇ ਸੁਹਣਾ ਵਿਖਾਈ ਦੇ ਰਿਹਾ ਹੁੰਦਾ ਹੈ। ਮੀਂਹ, ਹਨ੍ਹੇਰੀ ਜਾਂ ਝੱਖੜ ਦਾ ਕੋਈ ਡਰ ਵੀ ਨਹੀਂ ਹੁੰਦਾ। ਨਿੱਘੀ ਨਿੱਘੀ ਧੁੱਪ ਵਿਚ ਖੇਡਣ ਨੂੰ ਜੀਅ ਕਰਦਾ ਹੈ। ਪਤੰਗਬਾਜ਼ੀ ਨਾਲੋਂ ਹੋਰ ਸੁੰਦਰ ਖੇਡ ਕਿਹੜੀ ਹੋ ਸਕਦੀ ਹੈ ਪਰ ਇਹ ਖੇਡ ਛੱਤਾਂ ਉੱਪਰ ਨਹੀਂ ਸਗੋਂ ਬਾਹਰ ਪੱਧਰੇ ਖੇਤਾਂ ਤੇ ਮੈਦਾਨਾਂ ਵਿਚ ਖੇਡਣੀ ਚਾਹੀਦੀ ਹੈ। ਲੋਕ ਦੱਸਦੇ ਹਨ ਕਿਸੇ ਸਮੇਂ ਲਾਹੌਰ ਦੀ ਪਤੰਗਬਾਜ਼ੀ ਦੇਖਣ ਵਾਲੀ ਹੁੰਦੀ ਸੀ।

ਬਸੰਤ ਪੰਚਮੀ ਨੂੰ ਲੋਕ ਬਸੰਤੀ ਰੰਗੇ ਦੇ ਕਪੜੇ ਪਾ ਕੇ ਇਸ ਰੁੱਤ ਦਾ ਸੁਆਗਤ ਕਰਦੇ ਹਨ। ਬਸੰਤ ਫੁੱਲਾਂ ਵਰਗੇ ਬਸੰਤੀ ਲੋਕ। ਕੁਦਰਤ ਸੰਗ ਰਲ ਕੇ ਇਕ ਰੰਗ ਹੋ ਜਾਣਾ ਬੜੀ ਵਧੀਆ ਗੱਲ ਹੈ। ਫੁੱਲਾਂ ਵਰਗੇ ਬਣ ਕੇ ਲੋਕਾਂ ਖ਼ੁਸ਼ੀ ਤੇ ਮਹਿਕ ਵੰਡਣੀ ਕਿੰਨਾ ਉੱਤਮ ਗੁਣ ਹੈ।

ਜਦੋਂ ਕੁੜੀਆਂ ਬਸੰਤੀ ਚੁੰਨੀਆਂ ਲੈ ਕੇ ਸਰ੍ਹੋਂ ਦੇ ਖੇਤਾਂ ਵਿਚ ਸਾਗ ਤੋੜਨ ਲਈ ਨਿਕਲਦੀਆਂ ਹਨ ਤਾਂ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਸਰ੍ਹੋਂ ਦੇ ਬਸੰਤੀ ਫੁੱਲ ਤੁਰ ਰਹੇ ਹੋਣ। ਬਸੰਤੀ ਦੁਪੱਟੇ, ਬਸੰਤੀ ਪੱਗਾ, ਬਸੰਤੀ ਰੁਮਾਲ, ਬਸੰਤੀ ਟੋਪੀਆਂ ਜਾਂ ਬਸੰਤੀ ਪਟਕੇ-ਇਹ ਸਭ ਕੁਝ ਸਾਡੀ ਖ਼ੁਸ਼ੀ ਨੂੰ ਹੀ ਤਾਂ ਦਰਸਾਂਦੇ ਹਨ। ਜੀਅ ਕਰਦਾ ਹੈ ਕਿ ਇਸ ਰੁੱਤ ਵਿਚ ਅਸੀਂ ਵੀ ਹੱਸਦੀ ਤੇ ਮਹਿਕਦੀ ਕੁਦਰਤ ਵਰਗੇ ਹੀ ਬਣ ਜਾਈਏ।

ਘਰਾਂ ਵਿਚ ਬਸੰਤੀ ਚੌਲ, ਸਾਡੀ ਉਡੀਕ ਕਰ ਰਹੇ ਹੁੰਦੇ ਹਨ। ਜਿਧਰ ਜਾਓ ਬਸੰਤ ਵਰਗਾ ਦ੍ਰਿਸ਼ ਹੀ ਨਜ਼ਰ ਆਉਂਦਾ ਹੈ। ਇਹ ਕਿਹੋ ਜਿਹਾ ਸੁਲੱਖਣਾ ਤਿਉਹਾਰ ਹੈ ਜਦੋਂ ਅਸੀਂ ਬਸੰਤ ਹੀ ਹੰਢਾ ਰਹੇ ਤੇ ਬਸੰਤ ਹੀ ਖਾ ਰਹੇ ਹੁੰਦੇ ਹਾਂ।



ਬਸੰਤ ਪੰਚਮੀ ਬਦਲਦੀ ਰੁੱਤਾ ਦਾ ਤਿਉਹਾਰ ਵੀ ਹੈ। ਹਰੇ ਭਰੇ ਖੇਤ, ਨਿੱਘੀ ਅਤੇ ਫੁੱਲਾਂ ਨਾਲ ਮਹਿਕਦੇ ਪੌਦੇ ਸਾਨੂੰ ਵਾਜਾਂ ਮਾਰਦੇ ਹਨ....ਆਓ ਰੱਜ ਕੇ ਸੈਰ ਕਰੋ। ਇਸ ਰੁੱਤ ਵਿਚ ਸੈਰ ਕਰਨ ਨਾਲ ਸਿਹਤ ਬਹੁਤ ਚੰਗੀ ਰਹਿੰਦੀ ਹੈ। ਇਸ ਦਾ ਕਾਰਨ? ਇਸ ਰੁੱਤ ਵਿਚ ਪੌਣ ਸਾਫ਼, ਸਵੱਛ ਤੇ ਸੁਗੰਧਤ ਹੁੰਦੀ ਹੈ। ਸੁਹਾਣੀ ਰੁੱਤ ਵਿਚ ਪ੍ਰਸੰਨਤਾ ਮਿਲਦੀ ਹੈ। ਜਿਸ ਤਰ੍ਹਾਂ ਪੌਦਿਆਂ ਅੰਦਰ ਨਵਾਂ ਰਸ ਪੈਦਾ ਹੁੰਦਾ ਹੈ ਉਸੇ ਤਰ੍ਹਾਂ ਸਾਡੇ ਸਰੀਰ ਵਿਚ ਵੀ ਲਹੂ ਦਾ ਗੇੜ ਕੁਝ ਤੇਜ਼ ਹੋ ਜਾਂਦਾ ਹੈ। ਉਂਜ ਵੀ ਜਦੋਂ ਖ਼ੁਸ਼ੀ ਪ੍ਰਾਪਤ ਹੁੰਦੀ ਹੈ ਤਾਂ ਸਾਡਾ ਲਹੂ ਵਧਦਾ ਤੇ ਕੁਝ ਤੇਜ਼ ਦੌੜਦਾ ਹੈ। ਇਸ ਲਈ ਇਨ੍ਹਾਂ ਦਿਨਾਂ ਵਿਚ ਫੁੱਲਾਂ ਬੂਟਿਆਂ ਦੀ ਸ਼ੋਭਾ ਵੇਖਣੀ, ਹਰੀ ਹਰੀ ਘਾਹ ਉੱਪਰ ਫਿਰਨਾ, ਤਾਜ਼ੀ ਪੌਣ ਵਿਚ ਲੰਬੇ ਲੰਬੇ ਸਾਹ ਲੈਣਾ, ਖੇਤਾਂ ਵਿਚ ਘੁੰਮਣਾ ਸਿਹਤ ਲਈ ਬਹੁਤਾ ਚੰਗਾ ਸਿੱਧ ਹੁੰਦਾ ਹੈ।

ਬਸੰਤ ਪੰਚਮੀ ਨੇ ਕਈ ਰੂਪ ਦੇਖੇ ਹਨ। ਪਹਿਲਾਂ ਪਹਿਲ ਇਹ ਤਿਉਹਾਰ ਕੇਵਲ ਸ਼ਾਹੀ ਮਹਿਲਾਂ ਤੀਕ ਹੀ ਸੀਮਤ ਸੀ। ਰਾਜੇ ਰਾਣੀਆਂ ਇਸ ਨੂੰ ਸ਼ਿੰਗਾਰ ਦੇ ਤਿਉਹਾਰ ਦੇ ਰੂਪ ਵਿਚ ਮਨਾਉਂਦੇ ਸਨ ਜਾਂ ਫਿਰ ਕੁਝ ਧਾਰਮਿਕ ਸਥਾਨਾਂ ਤੇ ਲੋਕ ਇਕੱਠੇ ਹੋ ਕੇ ਦੇਵਤਿਆਂ ਦੀ ਪੂਜਾ ਕਰਦੇ ਸਨ ਪਰ ਹੁਣ ਇਹ ਤਿਉਹਾਰ ਮਹਿਲ ਮਾੜੀਆਂ ਅਤੇ ਮੰਦਰਾਂ ਵਿਚੋਂ ਨਿਕਲ ਕੇ ਖੇਤਾਂ ਵਿਚ ਆ ਗਿਆ ਹੈ। ਪੰਜਾਬ ਵਿਚ ਇਹ ਤਿਉਹਾਰ ਮੌਸਮ ਅਤੇ ਸੂਰਬੀਰਤਾ ਨਾਲ ਜੁੜਿਆ ਹੋਇਆ ਹੈ। ਇਹ ਪੰਜਾਬੀਆਂ ਦੀ ਚੜ੍ਹਦੀ ਕਲਾ ਨੂੰ ਦਰਸਾਉਂਦਾ ਹੈ।

ਪੰਜਾਬ ਵਿਚ ਪਟਿਆਲਾ ਸ਼ਹਿਰ ਦੀ ਬਸੰਤ-ਪੰਚਮੀ ਬੜੀ ਪ੍ਰਸਿੱਧ ਹੈ। ਗੁਰਦੁਆਰਾ ਦੁਖ ਨਿਵਾਰਨ ਸਾਹਿਬ ਦੇ ਪਵਿੱਤਰ ਸਰੋਵਰ ਵਿਚ ਲੋਕ ਦੂਰੋਂ ਦੂਰੋਂ ਇਸ਼ਨਾਨ ਕਰਨ ਲਈ ਪੁੱਜਦੇ ਹਨ। ਗੁਰਦੁਆਰੇ ਦੇ ਬਾਹਰ ਮੇਲਾ ਭਰਦਾ ਹੈ। ਲੋਕਾਂ ਨੇ ਬੜੀਆਂ ਸੁਖਣਾ ਸੁਖੀਆਂ ਹੁੰਦੀਆਂ ਹਨ। ਇਨ੍ਹਾਂ ਸੁਖਾਂ ਦੀ ਪੂਰਤੀ ਲਈ ਹੀ ਉਹ ਇਥੇ ਪੁੱਜ ਕੇ ਪ੍ਰਸ਼ਾਦ ਕਰਾਉਂਦੇ ਤੇ ਬਸੰਤ-ਪੰਚਮੀ ਦੇ ਪੁਰਬ ਤੇ ਹਾਜ਼ਰੀ ਭਰਦੇ ਹਨ।


ਲਾਹੌਰ (ਪਾਕਿਸਤਾਨ) ਤੋਂ ਉੱਜੜ-ਪੁੱਜੜ ਕੇ ਆਏ ਲੋਕਾਂ ਨੇ ਪਟਿਆਲੇ ਵਿਚ ਵੀ ਵੀਰ ਹਕੀਕਤ ਰਾਏ ਦੀ ਯਾਦਗਾਰ ਬਣਾ ਲਈ ਹੈ। ਕਹਿੰਦੇ ਨੇ ਉਨ੍ਹਾਂ ਲੋਕਾਂ ਨੇ ਲਾਹੌਰ ਤੋਂ ਹਕੀਕਤ ਰਾਏ ਦੀ ਸਮਾਧ ਤੋਂ ਕੁਝ ਮਿੱਟੀ ਤੇ ਕੁਝ ਇੱਟਾਂ ਲੈ ਆਂਦੀਆਂ ਸਨ। ਇਸ ਨਾਲ ਹੀ ਉਨ੍ਹਾਂ ਨੇ ਇਥੇ ਸਮਾਧ ਤੇ ਬੁੱਤ ਬਣਾ ਕੇ ਹਕੀਕਤ ਰਾਏ ਦਾ ਦਿਨ ਮਨਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਗੱਲ ਨੇ ਪਟਿਆਲੇ ਦੀ ਬਸੰਤ ਪੰਚਮੀ ਨੂੰ ਹੋਰ ਸ਼ਰਧਾ ਵਾਲਾ ਬਣਾ ਦਿੱਤਾ ਹੈ।

**ਸੰਯੁਕਤ ਜਨਰਲ ਬਾਡੀ ਦੀ ਮੀਟਿੰਗ ਅਤੇ ਕਾਰਜ ਕਮੇਟੀ ਦੀ ਮੀਟਿੰਗ ਮਿਤੀ 20-02-2024 ਨੂੰ ਠੀਕ 11.30 ਵਜੇ ਸਵੇਰੇ ਮੇਨ ਆਡੀਟੋਰੀਅਮ ਹਾਲ ਵਿਖੇ ਇੰਜੀਨੀਅਰ ਸ. ਹਰਭਜਨ ਸਿੰਘ, ਪ੍ਰਧਾਨ ਜੀ ਵੱਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ-30-ਏ, ਚੰਡੀਗੜ੍ਹ ਵਿਖੇ ਹੋਵੇਗੀ। ਸਾਰੇ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਮੀਟਿੰਗ ਵਿਚ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨ ਜੀ।**

**ਪ੍ਰਧਾਨ, ਬ.ਮ.ਸ਼.ਲ. ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਪੰਜਾਬ ਦਾ ਇਤਿਹਾਸ - 3




## ਪੰਜਾਬ ਦੇ ਮੁਗ਼ਲ ਗਵਰਨਰ

**ਪੰਜਾਬ ਦੇ ਮੁਗ਼ਲ ਗਵਰਨਰ** - ਬਾਬਾ ਬੰਦਾ ਸਿੰਘ ਬਹਾਦਰ ਦੀਆਂ ਕਾਰਵਾਈਆਂ ਸਮੇਂ ਤੁਰਾਨੀ ਰਾਈਸ ਅਬਦੁਸਮਦ ਖਾਂ ਨੂੰ ਜਿਸ ਦਲੇਰ ਜੰਗ ਵੀ ਕਹਿੰਦੇ ਸਨ ਅਤੇ ਜੋ ਕਸ਼ਮੀਰ ਦਾ ਗਵਰਨਰ ਸੀ, 1713 ਈ. ਵਿਚ ਪੰਜਾਬ ਦਾ ਗਵਰਨਰ ਨਿਯੁਕਤ ਕੀਤਾ ਗਿਆ। ਅਬਦੁਸਮਦ ਖਾਂ ਨੇ ਸਿੱਖਾਂ ਵਿਰੁੱਧ ਸਖ਼ਤ ਨੀਤੀ ਧਾਰਨ ਕੀਤੀ ਜਿਸ ਦੇ ਫਲਸਰੂਪ ਉਸ ਨੂੰ 'ਰਾਜ ਦੀ ਤਲਵਾਰ' ਦੀ ਉਪਾਧੀ ਦਿੱਤੀ ਗਈ। ਉਸ ਦੀਆਂ ਸਖ਼ਤੀਆਂ ਦੇ ਸਨਮੁੱਖ ਬਹੁਤ ਸਾਰੇ ਸਿੱਖ ਜਾਂ ਤਾਂ ਆਪਣੇ ਘਰ ਘਾਟ ਛੱਡ ਕੇ ਜੰਗਲਾਂ ਵਿਚ ਚਲੇ ਗਏ ਜਾਂ ਬੰਦਾ ਸਿੰਘ ਦੀ ਫ਼ੌਜ ਵਿਚ ਸ਼ਾਮਲ ਹੋ ਗਏ।ਅਬਦੁਸਮਦ ਖਾਂ ਨੂੰ ਸਿੱਖਾਂ ਵਿਰੁੱਧ ਪੂਰੀ ਤਰ੍ਹਾਂ ਸਫ਼ਲ ਨਾ ਹੋਣ ਕਾਰਨ ਅਤੇ ਵਡੇਰੀ ਉਮਰ ਹੋ ਜਾਣ ਕਾਰਨ 1726 ਈ. ਵਿਚ ਪੰਜਾਬ ਤੋਂ ਹਟਾ ਕੇ ਮੁਲਤਾਨ ਦਾ ਗਵਰਨਰ ਬਣਾ ਦਿੱਤਾ। ਉਸ ਦੇ ਨੌਜਵਾਨ ਪੁੱਤਰ ਜ਼ਕਰੀਆ ਖਾਂ ਨੂੰ 1726 ਈ. ਵਿਚ ਪੰਜਾਬ ਦਾ ਨਵਾਂ ਗਵਰਨਰ ਬਣਾ ਦਿੱਤਾ ਗਿਆ।

ਜ਼ਕਰੀਆ ਖਾਂ ਜਿਸ ਨੂੰ ਖ਼ਾਨ ਬਹਾਦਰ ਵੀ ਕਹਿੰਦੇ ਸਨ ਅਬਦੁਸਮਦ ਖਾਂ ਦਾ ਵੱਡਾ ਪੁੱਤਰ ਸੀ। ਉਸ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਸੰਘਰਸ਼ ਦੇ ਆਖ਼ਰੀ ਦਿਨਾਂ ਵਿਚ ਆਪਣੇ ਪਿਤਾ ਦੀ ਬੜੀ ਮੱਦਦ ਕੀਤੀ ਸੀ। ਗੁਰਦਾਸ ਨੰਗਲ ਤੋਂ ਫੜੇ ਸਿੱਖਾਂ ਨੂੰ ਦਿੱਲੀ ਪਹੁੰਚਾਉਣ ਵਾਲਾ ਜ਼ਕਰੀਆਂ ਖ਼ਾਂ ਹੀ ਸੀ। ਲਾਹੌਰ ਦੀ ਸੂਬੇਦਾਰੀ ਸੰਭਾਲਦੇ ਹੀ ਉਸ ਨੇ ਸਿੱਖਾਂ ਵਿਰੁੱਧ ਸਖ਼ਤ ਨੀਤੀ ਧਾਰਨ ਕੀਤੀ। ਉਸ ਸਮੇਂ ਸਭ ਪਾਸੇ ਸੈਨਿਕ ਟੁਕੜੀਆਂ ਭੇਜ ਕੇ, ਹਰ ਰੋਜ਼ ਸਿੱਖਾਂ ਨੂੰ ਫੜ ਕੇ ਲਾਹੌਰ ਲਿਆ ਕੇ, ਨਖਾਸ ਚੌਂਕ (ਘੋੜਾ ਮੰਡੀ) ਵਿਚ ਤਸੀਹੇ ਦੇ ਕੇ ਸ਼ਹੀਦ ਕੀਤਾ ਜਾਂਦਾ ਸੀ। ਜ਼ਕਰੀਆ ਖ਼ਾਂ ਨੇ ਸਿੱਖਾਂ ਨੂੰ ਕਤਲ ਕਰਨ ਵਾਲਿਆਂ ਜਾਂ ਉਨ੍ਹਾਂ ਦੇ ਸਿਰ ਵੱਢ ਕੇ ਲਿਆਉਣ ਵਾਲਿਆਂ ਨੂੰ ਨੌਕਰੀਆਂ ਜਾਂ ਇਨਾਮ ਦੇਣ ਦਾ ਵਚਨ ਦੇ ਰੱਖਿਆ ਸੀ। ਸਿੱਖਾਂ ਉੱਤੇ ਸਖ਼ਤੀਆਂ ਕਰਨ ਦਾ ਜ਼ਿਕਰ ਕਰਦੇ ਹੋਏ ਰਤਨ ਸਿੰਘ ਭੰਗੂ ਲਿਖਦਾ ਹੈ :


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸਹਿ-ਸੰਪਾਦਕ**
**98141-28181**




**ਕਈ ਚਰਖੀ ਕਈ ਫਾਂਸੀ ਮਾਰੇ।**
**ਕਈ ਤੋਪਨ ਕਈ ਛੁਰੀ ਕਟਾਰੇ।**
**ਕਈਅਨ ਸਿਰ ਮੁੰਗਲੀ ਕੁਟੇ।**
**ਕਈ ਡੋਬੇ ਕਈ ਘਸੀਟ ਸੁਟੇ।**
**ਦਬੇ ਕਟੇ ਬੰਦੂਕਨ ਦਏ ਮਰ।**
**ਕੌਣ ਗਣੇ ਜੋ ਮਰੇ ਹਜ਼ਾਰ।**

ਜਦੋਂ ਜ਼ਕਰੀਆ ਖਾਂ ਨੇ ਦੇਖਿਆ ਕਿ ਸਖ਼ਤੀਆਂ ਦੇ ਬਾਵਜੂਦ ਸਿੱਖ ਝੁਕਣ ਨੂੰ ਤਿਆਰ ਨਹੀਂ ਹਨ ਤਾਂ ਉਸ ਨੇ ਸਿੱਖਾਂ ਨੂੰ ਨਵਾਬੀ ਦੀ ਪੇਸ਼ਕਸ਼ ਕੀਤੀ। ਪਹਿਲਾਂ ਤਾਂ ਸਿੱਖਾਂ ਨੂੰ ਇਹ ਪੇਸ਼ਕਸ਼ ਮਨਜ਼ੂਰ ਨਹੀਂ ਸੀ ਪਰ ਪਿੱਛੋਂ 1763 ਈ. ਵਿਚ ਇਹ ਨਵਾਬੀ ਕਪੂਰ ਸਿੰਘ ਨੂੰ ਦੇ ਦੇਣ ਦਾ ਫੈਸਲਾ ਕਰ ਲਿਆ ਪਰ ਨਾਲ ਹੀ ਇਹ ਨਿਰਣਾ ਵੀ ਕਰ ਲਿਆ ਕਿ ਸਿੱਖ ਆਪਣੀ ਆਜ਼ਾਦੀ ਦੀ ਜੰਗ ਜਾਰੀ ਰੱਖਣਗੇ। ਸਿੱਖਾਂ ਦੇ ਰਵੱਈਏ ਵਿਚ ਤਬਦੀਲੀ ਨਾ ਦੇਖ ਕੇ ਇਕ ਸਾਲ ਵਿਚ ਹੀ ਇਹ ਨਵਾਬੀ ਸਮਾਪਤ ਕਰ ਦਿੱਤੀ ਗਈ।

ਜ਼ਕਰੀਆ ਖ਼ਾਂ ਸਮੇਂ ਬਹੁਤ ਸਾਰੇ ਸ਼ਹੀਦ ਹੋਏ ਸਿੱਖਾਂ ਵਿਚ ਭਾਈ ਤਾਰਾ ਸਿੰਘ, ਭਾਈ ਮਨੀ ਸਿੰਘ, ਭਾਈ ਮਹਿਤਾਬ ਸਿੰਘ, ਭਾਈ ਸੁੱਖਾ ਸਿੰਘ, ਭਾਈ ਬੋਤਾ ਸਿੰਘ, ਭਾਈ ਤਾਰੂ ਸਿੰਘ, ਭਾਈ ਸੁਬੇਗ ਸਿੰਘ ਅਤੇ ਭਾਈ ਸ਼ਾਹਬਾਜ਼

ਸਿੰਘ ਸ਼ਾਮਲ ਸਨ।

ਪਹਿਲੀ ਜੁਲਾਈ, 1745 ਈ. ਨੂੰ ਜ਼ਕਰੀਆ ਖ਼ਾਂ ਦੀ ਮੌਤ ਪਿੱਛੋਂ ਯਹੀਆ ਖਾਂ ਨੂੰ ਲਾਹੌਰ ਦਾ ਗਵਰਨਰ ਬਣਾਇਆ ਗਿਆ। ਯਹੀਆ ਖ਼ਾਂ ਨੇ ਆਪਣੇ ਦੀਵਨ ਲਖਪਤ ਰਾਇ ਨੂੰ ਹੁਕਮ ਦਿੱਤਾ ਕਿ ਉਹ ਸਿੱਖਾਂ ਨਾਲ ਸਖ਼ਤੀ ਨਾਲ ਨਜਿੱਠੇ। ਲਖਪਤ ਰਾਇ ਦਾ ਭਰਾ ਜਸਪਤ ਰਾਇ ਸਿੱਖਾਂ ਵਿਰੁੱਧ ਇਕ ਹੱਲੇ ਵਿਚ ਮਾਰਿਆ ਗਿਆ ਜਿਸ ਕਾਰਨ ਲਖਪਤ ਰਾਇ ਹੋਰ ਵੀ ਭੜਕ ਪਿਆ। ਪਹਿਲੀ ਜੂਨ, 1746 ਈ. ਨੂੰ ਦੋਹਾਂ ਵਰੀਕਾਂ ਵਿਚਕਾਰ ਇਕ ਘੋਰ ਯੁੱਧ ਹੋਇਆ ਜਿਸ ਵਿਚ ਲਗਭਗ ਸੱਤ ਹਜ਼ਾਰ ਸਿੱਖ ਮਾਰੇ ਗਏ ਅਤੇ ਤਿੰਨ ਹਜ਼ਾਰ ਸਿੱਖ ਫੜ ਕੇ ਲਾਹੌਰ ਲਿਆਂਦੇ ਗਏ ਜਿੱਥੇ ਘੋੜਾ ਮੰਡੀ ਦੇ ਨੇੜੇ ਕਤਲ ਕਰ ਦਿੱਤੇ ਗਏ। ਇਸ ਨੂੰ ਸਿੱਖਾਂ ਦਾ ਪਹਿਲਾ ਜਾਂ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ ਤੇ ਵੱਡਾ ਘੱਲੂਘਾਰਾ 5 ਫਰਵਰੀ, 1762 ਈ. ਨੂੰ ਅਹਿਮਦ ਸ਼ਾਹ ਦੁਰਾਨੀ ਵਿਰੁੱਧ ਲੜਦਿਆਂ ਵਾਪਰਿਆ।

ਸੰਨ 1747-48 ਵਿਚ ਸ਼ਾਹ ਨਵਾਜ਼ ਖਾਂ ਲਾਹੌਰ ਦਾ ਗਵਰਨਰ ਰਿਹਾ। ਉਹ ਵੀ ਸਿਖਾਂ ਦਾ ਸਖ਼ਤ ਵਿਰੋਧੀ ਸੀ ਅਤੇ ਫੜ ਕੇ ਸਿੱਖਾਂ ਦੇ ਪੇਟ ਚਾਕ ਕਰਵਾ ਦਿੰਦਾ ਸੀ। ਉਹ ਸਿੱਖਾਂ ਦੇ ਸਿਰਾਂ ਵਿਚ ਕਿੱਲ ਗਡਵਾਉਣ ਅਤੇ ਆਪਣੇ ਸਾਹਮਣੇ ਉਨ੍ਹਾਂ ਦੇ ਸਿਰਾਂ ਦੇ ਟੁਕੜੇ-ਟੁਕੜੇ ਕਰਵਾਉਣ ਵਿਚ ਬੜੀ ਖੁਸ਼ੀ ਮਹਿਸੂਸ ਕਰਦਾ ਸੀ।

ਸੰਨ 1748 ਤੋਂ 1753 ਤੱਕ ਮੁਈਨ-ਉਲ-ਮੁਲਕ ਜੋ ਮੀਰ ਮਨੂੰ ਦੇ ਨਾਂ ਨਾਲ ਵਧੇਰੇ ਪ੍ਰਸਿੱਧ ਸੀ, ਲਾਹੌਰ ਦਾ ਗਵਰਨਰ ਰਿਹਾ। ਅੰਮ੍ਰਿਤਸਰ ਵਿਚ ਸਿੱਖਾਂ ਦੇ ਕਿਲੇ ਰਾਮ ਰਾਉਣੀ ਦਾ ਘੇਰਾ ਪਾਉਣ ਦਾ ਹੁਕਮ ਦਿੱਤਾ ਜਿਥੇ ਸਿੱਖਾਂ ਦਾ ਬੜਾ ਨੁਕਸਾਨ ਹੋਇਆ। ਮੀਰ ਮਨੂੰ ਵੱਲੋਂ ਸਿੱਖਾਂ ਵਿਰੁੱਧ ਅੱਤਿਆਚਾਰ ਲਗਾਤਾਰ ਹੁੰਦੇ ਰਹੇ। ਫੜੇ ਗਏ ਸਿੱਖਾਂ ਨੂੰ ਉਹ ਇਸਲਾਮ ਧਾਰਨ ਕਰਨ ਲਈ ਕਹਿੰਦਾ ਤੇ ਉਨ੍ਹਾਂ ਦੇ ਇਨਕਾਰ ਕਰਨ ਤੇ ਉਨ੍ਹਾਂ ਨੂੰ ਕਤਲ ਕਰਵਾ ਦਿੰਦਾ। ਕਈ ਸੌ ਸਿੱਖ ਔਰਤਾਂ ਨੂੰ ਉਨ੍ਹਾਂ ਦੇ ਬੱਚਿਆਂ ਸਮੇਤ ਲਿਆ ਕੇ ਲਾਹੌਰ ਦੇ ਦਿੱਲੀ ਦਰਵਾਜ਼ੇ ਤੋਂ ਬਾਹਰ ਇਕ ਇਮਾਰਤ ਵਿਚ ਕੈਦ ਕਰ ਦਿੱਤਾ ਗਿਆ। ਪਿੱਛੋਂ ਉਨ੍ਹਾਂ ਸ਼ੀਰਖੋਰ ਬੱਚਿਆਂ ਨੂੰ ਮਾਵਾਂ ਤੋਂ ਖੋਹ ਕੇ ਗੇਂਦ ਦੀ ਤਰ੍ਹਾਂ ਹਵਾ ਵਿਚ ਉਛਾਲਿਆ ਜਾਂਦਾ ਤੇ ਫਿਰ ਉਨ੍ਹਾਂ ਨੂੰ ਤੇਜ਼ ਧਾਰ ਨੇਜ਼ਿਆਂ ਦੀ ਨੋਕਾਂ ਉੱਤੇ ਬੋਚਿਆ ਜਾਂਦਾ। ਉਨ੍ਹਾਂ ਮਾਸੂਮ ਬੱਚਿਆਂ ਨੂੰ ਉਨ੍ਹਾਂ ਦੀਆਂ ਮਾਵਾਂ ਦੇ ਸਾਹਮਣੇ ਟੁਕੜੇ-ਟੁਕੜੇ ਕਰ ਕੇ ਉਨ੍ਹਾਂ ਦੀਆਂ ਮਾਵਾਂ ਦੀਆਂ ਝੋਲੀਆਂ ਵਿਚ ਪਾ ਦਿੱਤਾ ਜਾਂਦਾ ਸੀ ਪਰ ਸਿੱਖ ਆਦਮੀ ਅਤੇ ਔਰਤਾਂ ਆਪਣੇ ਧਰਮ ਵਿਚ ਅਡੋਲ ਰਹੇ ਅਤੇ ਸਿੱਖ ਸਦਾ ਇਹੀ ਕਹਿੰਦੇ ਸੁਣੇ ਜਾਂਦੇ ਸਨ -

**ਮਨੂੰ ਸਾਡੀ ਦਾਤਰੀ, ਅਸੀਂ ਮਨੂੰ ਦੇ ਸੋਏ।**
**ਜਿਉਂ ਜਿਉਂ ਮਨੂੰ ਵਢਦਾ, ਅਸੀਂ ਦੂਣ ਸਵਾਇ ਹੋਏ।**

ਮੀਰ ਮਨੂੰ ਸਿੱਖਾਂ ਵਿਰੁੱਧ ਸਫ਼ਲ ਨਾ ਹੋ ਸਕਿਆ ਤੇ ਉਹ ਇਕ ਦੁਰਘਟਨਾ ਕਾਰਨ 3 ਨਵੰਬਰ, 1753 ਈ. ਨੂੰ ਅਚਾਨਕ ਮਰ ਗਿਆ।

ਮੀਰ ਮਨੂੰ ਦੀ ਮੌਤ ਤੋਂ ਬਾਅਦ ਅਪ੍ਰੈਲ, 1757 ਈ. ਤੱਕ ਵਾਰੀ-ਵਾਰੀ ਲਾਹੌਰ ਵਿਚ ਗਵਰਨਰ ਬਦਲੇ। ਇਨ੍ਹਾਂ ਜਲਦੀ-ਜਲਦੀ ਹੋਣ ਵਾਲੀਆਂ ਬਦਲੀਆਂ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਹ ਵੇਲੇ ਪੰਜਾਬ 'ਚ ਫੈਲੀ ਅਰਾਜਕਤਾ ਕਿਸ ਹੱਦ ਤੱਕ ਗੰਭੀਰ ਸੀ। ਮਈ 1757 ਈ. ਤੋਂ ਅਪ੍ਰੈਲ 1758 ਈ. ਤੱਕ ਅਹਿਮਦ ਸ਼ਾਹ ਅਬਦਾਲੀ ਦਾ ਪੁੱਤਰ ਤੈਮੂਰ ਸ਼ਾਹ ਪੰਜਾਬ ਦਾ ਗਵਰਨਰ ਰਿਹਾ।

ਪਿੱਛੋਂ ਸਿੱਖਾਂ ਅਤੇ ਮਰਾਠਿਆਂ ਦੀ ਸਹਾਇਤਾ ਨਾਲ ਤੈਮੂਰ ਸ਼ਾਹ ਨੂੰ ਪੰਜਾਬ ਵਿਚੋਂ ਭਜਾ ਕੇ ਅਦੀਨਾ ਬੇਗ ਅਪ੍ਰੈਲ 1758 ਈ. ਵਿਚ ਲਾਹੌਰ ਦਾ ਗਵਰਨਰ ਬਣ ਗਿਆ। ਪਹਿਲਾਂ ਤਾਂ ਉਹ ਆਪਣੇ ਅਹੁਦੇ ਨੂੰ ਕਾਇਮ ਰੱਖਣ ਲਈ ਸਿੱਖਾਂ ਵੱਲੋਂ ਖੁਫ਼ੀਆ ਢੰਗ ਨਾਲ ਲਾਹੌਰ ਵਿਰੁੱਧ ਕਾਰਵਾਈ ਕਰਵਾਂਦਾ ਸੀ ਪਰ ਆਪ ਗਵਰਨਰ ਬਣਨ ਉਪਰੰਤ ਸਿੱਖਾਂ ਦੀ ਤਾਕਤ ਨੂੰ ਪੂਰੀ ਤਰ੍ਹਾਂ ਨਸ਼ਟ ਕਰਨ ਦਾ ਪ੍ਰੋਗਰਾਮ ਬਣਾ ਲਿਆ ਪਰ 15 ਸਤੰਬਰ 1758 ਈ. ਨੂੰ ਅਚਾਨਕ ਬੀਮਾਰ ਹੋਣ ਤੇ ਬਟਾਲਾ ਦੇ ਸਥਾਨ ਤੇ ਉਸ ਦੀ ਮੌਤ ਹੋ ਗਈ। ਉਸ ਦੀ ਮੌਤ ਤੋਂ ਬਾਅਦ ਸਿੱਖ ਵਧੇਰੇ ਸ਼ਕਤੀਸ਼ਾਲੀ ਹੋ ਗਏ ਤੇ ਅਗਲੇ ਕੁਝ ਵਰ੍ਹਿਆਂ ਵਿਚ ਹੀ ਉਨ੍ਹਾਂ ਨੇ ਪੰਜਾਬ ਉੱਤੇ ਆਪਣਾ ਅਧਿਕਾਰ ਸਥਾਪਤ ਕਰ ਲਿਆ।

## ਪੰਜਾਬ ਉੱਤੇ ਨਾਦਰਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ

**ਪੰਜਾਬ ਉੱਤੇ ਨਾਦਰਸ਼ਾਹ ਅਤੇ ਅਹਿਮਦਸ਼ਾਹ ਅਬਦਾਲੀ ਦੇ ਹਮਲੇ** - ਨਾਦਰਸ਼ਾਹ ਈਰਾਨ ਦਾ ਬਾਦਸ਼ਾਹ ਸੀ ਜਿਸ ਨੇ 1739 ਈ. ਵਿਚ ਭਾਰਤ ਉੱਤੇ ਹਮਲਾ ਕੀਤਾ। ਲਾਹੌਰ ਵਿਚੋਂ ਦੀ ਲੁੱਟਮਾਰ ਕਰਦਾ ਹੋਇਆ ਉਹ ਦਿੱਲੀ ਵੱਲ ਵਧਿਆ। 13 ਫਰਵਰੀ 1739 ਈ. ਨੂੰ ਕਰਨਾਲ ਵਿਚ ਦਿੱਲੀ ਦੀ ਫ਼ੌਜ ਨਾਲ ਉਸ ਦੀ ਟੱਕਰ ਹੋਈ। ਦਿੱਲੀ ਦੀ ਸੈਨਾ ਹਾਰ ਗਈ। ਮੁਗ਼ਲ ਫ਼ੌਜ ਦਾ ਵੀ ਭਾਰੀ ਨੁਕਸਾਨ ਹੋਇਆ। ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਨੇ ਨਾਦਰਸ਼ਾਹ ਨੂੰ 25 ਕਰੋੜ ਰੁਪਇਆ ਦੇਣਾ ਮਨਜ਼ੂਰ ਕੀਤਾ। ਨਾਦਰਸ਼ਾਹ ਦਿੱਲੀ ਵਿਚ ਦਾਖਲ ਹੋਇਆ ਜਿਥੇ ਈਰਾਨੀ ਅਤੇ ਮੁਗ਼ਲ ਸੈਨਿਕਾਂ ਵਿਚਕਾਰ ਝਗੜਾ ਹੋ ਗਿਆ ਤੇ ਨਾਦਰ ਸ਼ਾਹ ਨੇ ਦਿੱਲੀ ਵਿਚ ਕਤਲੇਆਮ ਦਾ ਹੁਕਮ ਦੇ ਦਿੱਤਾ ਜਿਸ ਨਾਲ ਲਗਭਗ ਡੇਢ ਲੱਖ ਨਾਗਰਿਕ ਮਾਰੇ ਗਏ।

ਨਾਦਰਸ਼ਾਹ ਜਦੋਂ ਪੰਜਾਬ ਤੋਂ ਵਾਪਸ ਜਾ ਰਿਹਾ ਸੀ ਤਾਂ ਚਨਾਬ ਕੰਢੇ ਸਿੱਖਾਂ ਨੇ ਨਾਦਰਸ਼ਾਹ ਦੀ ਫ਼ੌਜ ਦੇ ਪਿਛਲੇ ਹਿੱਸੇ ਤੇ ਹੱਲਾ ਬੋਲ ਦਿੱਤਾ ਤੇ ਬਹੁਤ ਸਾਰਾ ਸਾਮਾਨ ਲੁੱਟ ਲਿਆ। ਨਾਦਰਸ਼ਾਹ ਨੇ ਜ਼ਕਰੀਆ ਖਾਂ ਨੂੰ ਪੁੱਛਿਆ ਕਿ "ਇਹ ਲੰਮੇ ਵਾਲਾਂ ਵਾਲੇ ਲੋਕ ਕਿਥੇ ਰਹਿੰਦੇ ਹਨ?" ਜ਼ਕਰੀਆ ਖਾਂ ਨੇ ਉੱਤਰ ਦਿੱਤਾ ਕਿ ਇਹ ਆਪਣੇ ਘੋੜਿਆਂ ਦੀਆਂ ਕਾਠੀਆਂ ਉੱਪਰ ਰਹਿੰਦੇ ਹਨ, ਜੰਗਲਾਂ ਵਿਚ ਘੁੰਮਦੇ ਤੇ ਘਾਹ ਖਾਂਦੇ ਹਨ ਅਤੇ ਪੰਜਾਬ ਦੀ ਬਾਦਸ਼ਾਹੀ ਮੰਗਦੇ ਹਨ।" ਨਾਦਰਸ਼ਾਹ ਨੇ ਕਿਹਾ ਕਿ ਉਹ ਖਿਆਲ ਰੱਖੇ ਕਿਉਂਕਿ ਉਹ ਦਿਨ ਦੂਰ ਨਹੀਂ ਜਦੋਂ ਇਹ ਇਲਾਕੇ ਉੱਤੇ ਕਬਜ਼ਾ ਕਰ ਲੈਣਗੇ।

ਨਾਦਰਸ਼ਾਹ ਈਰਾਨ ਅਤੇ ਅਫ਼ਗਾਨਿਸਤਾਨ ਦੋਹਾਂ ਮੁਲਕਾਂ ਦਾ ਬਾਦਸ਼ਾਹ ਸੀ। ਜੂਨ 1747 ਈ. ਵਿਚ ਉਸ ਦੇ ਕਤਲ ਪਿੱਛੋਂ ਉਸ ਦਾ ਇਕ ਜਰਨੈਲ ਅਹਿਮਦ ਸ਼ਾਹ ਦੁਰਾਨੀ ਅਫ਼ਗਾਨਿਸਤਾਨ ਦਾ ਹਾਕਮ ਬਣ ਗਿਆ। ਅਹਿਮਦ ਸ਼ਾਹ ਨੇ ਤਖ਼ਤ ਉੱਤੇ ਬੈਠਦਿਆਂ ਹੀ ਪੰਜਾਬ ਉੱਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਸੰਨ 1748 ਤੋਂ 1768 ਤੱਕ ਉਸ ਨੇ ਅੱਠ ਹਮਲੇ ਕੀਤੇ ਜਿਸ ਨਾਲ ਪੰਜਾਬ ਨੂੰ ਬਹੁਤ ਨੁਕਸਾਨ ਹੋਇਆ। ਉਹ ਭਾਰਤ ਦੀ ਧਨ-ਦੌਲਤ ਨੂੰ ਲੁਟਣਾ ਚਾਹੁੰਦਾ ਸੀ। ਉਸ ਨੇ 1747-48 ਈ. ਵਿਚ ਪੰਜਾਬ ਉੱਤੇ ਪਹਿਲਾ ਹਮਲਾ ਕੀਤਾ। ਉਹ ਲਾਹੌਰ ਦੇ ਗਵਰਨਰ ਸ਼ਾਹ

ਨਵਾਜ ਦੇ ਸੱਦੇ ਤੇ ਆਇਆ ਪਰ ਸ਼ਾਹ ਨਵਾਜ਼ ਉਸ ਦੇ ਲਾਹੌਰ ਪੁੱਜਣ ਤੇ ਦਿੱਲੀ ਨੂੰ ਚਲਾ ਗਿਆ। ਲਾਹੌਰ ਦੇ ਸੈਨਿਕ ਹਾਰ ਗਏ। ਦਿੱਲੀ ਤੋਂ ਭਾਰੀ ਫ਼ੌਜ ਦਿੱਲੀ ਦੇ ਵਜ਼ੀਰ ਕਮਰ-ਉਦ-ਦੀਨ ਦੀ ਅਗਵਾਈ ਹੇਠ ਅਹਿਮਦ ਸ਼ਾਹ ਦੇ ਮੁਕਾਬਲੇ ਲਈ ਆਈ। 11 ਮਾਰਚ 1748 ਈ. ਨੂੰ ਸਰਹਿੰਦ ਤੋਂ 16 ਕਿ.ਮੀ. ਉੱਤਰ-ਪੱਛਮ ਵੱਲ ਮਾਨੂਪੁਰ ਦੀ ਲੜਾਈ ਸਮੇਂ ਦਿੱਲੀ ਦਾ ਵਜ਼ੀਰ ਮਾਰਿਆ ਗਿਆ। ਵਜ਼ੀਰ ਦੇ ਪੁੱਤਰ ਮੀਰ ਮਨੂੰ ਨੇ ਅਹਿਮਦ ਸ਼ਾਹ ਦਾ ਡਟਵਾਂ ਮੁਕਾਬਲਾ ਕੀਤਾ ਜਿਸ ਕਾਰਨ ਅਹਿਮਦ ਸ਼ਾਹ ਵਾਪਸ ਆਪਣੇ ਮੁਲਕ ਨੂੰ ਮੁੜ ਗਿਆ। ਮੀਰ ਮਨੂੰ ਨੂੰ ਲਾਹੌਰ ਦਾ ਗਵਰਨਰ ਬਣਾ ਦਿੱਤਾ ਗਿਆ। ਸੰਨ 1748-49 ਵਿਚ ਅਹਿਮਦ ਸ਼ਾਹ ਨੇ ਮੁੜ ਪੰਜਾਬ ਤੇ ਹਮਲਾ ਕੀਤਾ। ਉਸ ਦੇ ਲਾਹੌਰ ਪੁੱਜਣ ਤੋਂ ਪਹਿਲਾਂ ਹੀ ਮੀਰ ਮਨੂੰ ਨੇ ਔਰੰਗਾਬਾਦ, ਗੁਜਰਾਤ, ਸਿਆਲਕੋਟ ਅਤੇ ਪਸਰੂਰ ਦਾ ਚਾਰ ਸਾਲਾਂ ਦਾ ਮਾਲੀਆ ਦੇਣਾ ਮੰਨ ਲਿਆ। ਅਹਿਮਦ ਸ਼ਾਹ ਵਾਪਸ ਮੁੜ ਗਿਆ।

ਸੰਨ 1751-52 ਵਿਚ ਅਹਿਮਦ ਸ਼ਾਹ, ਤੀਜੇ ਹਮਲੇ ਲਈ ਪੰਜਾਬ ਵਿਚ ਫਿਰ ਦਾਖਲ ਹੋਇਆ। ਉਸ ਨੇ ਆਪਣੇ ਬਣਦੇ ਪੁਰਾਣੇ ਮਾਲੀਏ ਦੀ ਮੰਗ ਕੀਤੀ ਜਿਸ ਵਿਚੋਂ 9 ਲੱਖ ਦੀ ਅਦਾਇਗੀ ਕੀਤੀ ਗਈ ਤੇ ਬਾਕੀ ਛੇਤੀ ਹੀ ਭੇਜਣ ਦਾ ਵਚਨ ਦਿੱਤਾ ਗਿਆ ਪਰ ਉਹ ਰਕਮ ਲੈ ਕੇ ਵੀ ਲਾਹੌਰ ਵੱਲ ਵੱਧਦਾ ਆਇਆ। ਮੀਰ ਮਨੂੰ ਅਤੇ ਅਹਿਮਦ ਸ਼ਾਹ ਦੀਆਂ ਫੌਜਾਂ ਵਿਚਕਾਰ ਲਾਹੌਰ ਵਿਚ ਲੜਾਈ ਹੋਈ ਜਿਸ ਵਿਚ ਮੀਰ ਮਨੂੰ ਦਾ ਬਹੁਤ ਹੀ ਭਰੋਸੇਯੋਗ ਦਰਬਾਰੀ ਦੀਵਾਨ ਕੌੜਾ ਮੱਲ ਮਾਰਿਆ ਗਿਆ। ਮੀਰ ਮਨੂੰ ਅਹਿਮਦ ਸ਼ਾਹ ਦੇ ਸਾਹਮਣੇ ਪੇਸ਼ ਹੋਇਆ। ਅਹਿਮਦ ਸ਼ਾਹ ਨੇ ਮੀਰ ਮਨੂੰ ਨੂੰ ਪੁੱਛਿਆ ਕਿ ਉਸ ਨਾਲ ਕਿਸ ਤਰ੍ਹਾਂ ਦਾ ਵਰਤਾਓ ਕੀਤਾ ਜਾਏ ਤਾਂ ਮਨੂੰ ਨੇ ਉੱਤਰ ਦਿੱਤਾ ਜੇ ਬਾਦਸ਼ਾਹ ਦੁਕਾਨਦਾਰ ਹੈ ਤਾਂ ਉਹ ਉਸ (ਮੀਰ ਮਨੂੰ) ਨੂੰ ਵੇਚ ਕੇ ਪੈਸੇ ਵਟ ਲਵੇ, ਜੇ ਕਸਾਈ ਹੈ ਤਾਂ ਉਸ ਨੂੰ ਕਤਲ ਕਰ ਦੇਵੇ ਅਤੇ ਜੇ ਬਾਦਸ਼ਾਹ ਹੈ ਤਾਂ ਉਸ ਉੱਤੇ ਆਪਣੀ ਦਇਆ ਅਤੇ ਮਿਹਰ ਕਰੇ। ਅਹਿਮਦ ਸ਼ਾਹ ਨੇ ਖੁਸ਼ ਹੋ ਕੇ ਮੀਰ ਮਨੂੰ ਨੂੰ 'ਫਰਜ਼ੰਦੇ-ਖ਼ਾਨ ਬਹਾਦਰ ਰੁਸਤਮੇ ਹਿੰਦ' ਦੇ ਨਾਂ ਨਾਲ ਬੁਲਾਇਆ ਤੇ ਮੁਆਫ਼ ਕਰ ਦਿੱਤਾ।

ਅਹਿਮਦ ਸ਼ਾਹ ਆਪਣੇ ਚੌਥੇ ਹਮਲੇ ਸਮੇਂ 1756-57 ਈ. ਵਿਚ ਲਾਹੌਰ ਪੁੱਜਾ। ਮੀਰ ਮਨੂੰ ਉਸ ਤੋਂ ਪਹਿਲਾਂ ਮਰ ਚੁੱਕਾ ਸੀ। ਇਸ ਵਾਰ ਉਹ ਮੀਰ ਮਨੂੰ ਦੀ ਵਿਧਵਾ ਮੁਗ਼ਲਾਨੀ ਬੇਗ਼ਮ ਦੇ ਸੱਦੇ ਤੇ ਆਇਆ ਸੀ ਜਿਸ ਨੇ ਦਿੱਲੀ ਦੇ ਅਮੀਰਾਂ-ਵਜ਼ੀਰਾਂ ਦੇ ਛੁਪਾ ਕੇ ਰੱਖੇ ਧਨ-ਦੌਲਤ ਦੀ ਅਹਿਮਦ ਸ਼ਾਹ ਨੂੰ ਸੂਹ ਦਿੱਤੀ। ਉਸ ਨੇ ਦਿੱਲੀ ਨੂੰ ਲੁੱਟ ਕੇ ਮੁੜਨ ਸਮੇਂ ਅਪ੍ਰੈਲ 1757 ਵਿਚ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਲਾਹੌਰ ਦਾ ਗਵਰਨਰ ਨਿਯੁਕਤ ਕਰ ਦਿੱਤਾ ਤੇ ਪੰਜਾਬ ਨੂੰ ਅਫ਼ਗਾਨਿਸਤਾਨ ਦਾ ਇਕ ਸੂਬਾ ਬਣਾ ਲਿਆ ਪਰ ਇਕ ਸਾਲ ਪਿੱਛੋਂ ਅਦੀਨਾ ਬੇਗ਼ ਨੇ ਸਿੱਖਾਂ ਅਤੇ ਮਰਾਠਿਆਂ ਦੀ ਮੱਦਦ ਨਾਲ ਤੈਮੂਰ ਨੂੰ ਲਾਹੌਰ ਤੋਂ ਭਜਾ ਦਿੱਤਾ।

ਅਹਿਮਦ ਸ਼ਾਹ ਦੁਰਾਨੀ ਦੇ ਅਗਲੇ ਤਿੰਨ ਹਮਲਿਆਂ ਵਿਚ ਅਫ਼ਗਾਨਾਂ ਦੀ ਸਿੱਧੀ ਟੱਕਰ ਸਿੱਖਾਂ ਨਾਲ ਹੋਈ ਜਿਸ ਵਿਚ ਭਾਵੇਂ ਸਿੱਖਾਂ ਨੇ ਭਾਰੀ ਨੁਕਸਾਨ ਉਠਾਇਆ ਪਰ ਅਹਿਮਦ ਸ਼ਾਹ ਦੀਆਂ ਪੰਜਾਬ ਪ੍ਰਤੀ ਭੈੜੀਆਂ ਯੋਜਨਾਵਾਂ ਦਾ ਸਦਾ ਲਈ ਸਫ਼ਾਇਆ ਕਰ ਦਿੱਤਾ।

ਅਹਿਮਦ ਸ਼ਾਹ ਦਾ ਛੇਵਾਂ ਹਮਲਾ ਤੇ ਵੱਡਾ ਘੱਲੂਘਾਰਾ (1672 ਈ.) ਪੰਜਾਬ ਦੇ ਇਤਿਹਾਸ ਵਿਚ ਇਕ ਬਹੁਤ ਖ਼ੂੰਖ਼ਾਰ ਘਟਨਾ ਸੀ। ਜੰਡਿਆਲੇ ਦੇ ਨਿਰੰਜਣੀ ਆਗੂ ਆਕਲ ਦਾਸ ਦੇ ਸੱਦੇ ਤੇ ਮੰਜ਼ਲਾਂ ਮਾਰਦਾ ਹੋਇਆ ਅਹਿਮਦ ਸ਼ਾਹ ਲਾਹੌਰ ਪੁੱਜਾ। ਸਿੱਖਾਂ ਦਾ ਥਹੁ ਪਤਾ ਕੱਢ ਕੇ ਮਲੇਰਕੋਟਲੇ ਤੋਂ 9 ਕਿ.ਮੀ. ਦੇ ਫ਼ਾਸਲੇ ਤੇ ਪਿੰਡ ਕੁਪ ਵਿਚ ਠਹਿਰੇ ਹੋਏ ਸਿੱਖਾਂ ਨੂੰ ਆ ਘੇਰਿਆ। ਇਸ ਵੇਲੇ ਸਿੱਖਾਂ ਦੀ ਵਹੀਰ ਵਿਚ ਬੁੱਢੇ, ਬੱਚੇ ਅਤੇ ਔਰਤਾਂ ਵੀ ਸਨ ਜਿਸ ਕਰਕੇ ਅਫ਼ਗਾਨਾਂ ਨਾਲ ਲੜਨਾ ਅਤੇ ਆਪਣੇ ਪਰਿਵਾਰਾਂ ਨੂੰ ਬਚਾਉਣਾ, ਉਨ੍ਹਾਂ ਲਈ ਬੜਾ ਕਠਿਨ ਹੋ ਰਿਹਾ ਸੀ। ਸਿੱਖਾਂ ਦੇ ਇਸ ਮਹਾਨ ਘੱਲੂਘਾਰੇ ਵਿਚ ਮਰਨ ਵਾਲਿਆਂ ਦੀ ਗਿਣਤੀ ਦਸ ਹਜ਼ਾਰ ਤੋਂ ਪੰਜਾਹ ਹਜ਼ਾਰ ਵਿਚਕਾਰ ਦੱਸੀ ਗਈ ਹੈ। ਜੇ ਘੱਟ ਤੋਂ ਘੱਟ ਗਿਣਤੀ ਨੂੰ ਵੀ ਸਹੀ ਮੰਨ ਲਿਆ ਜਾਵੇ ਤਾਂ ਇਕ ਛੋਟੀ ਜਿਹੀ ਕੌਮ ਲਈ ਇਕ ਦਿਨ ਵਿਚ ਦਸ ਹਜ਼ਾਰ ਬੰਦਿਆਂ ਦਾ ਮਾਰੇ ਜਾਣਾ ਬਹੁਤ ਵੱਡਾ ਘਾਟਾ ਸੀ ਪਰ ਸਿੱਖਾਂ ਨੇ ਇਹ ਝੱਲਿਆ ਅਤੇ ਕੁਝ ਹਫ਼ਤਿਆਂ ਵਿਚ ਹੀ ਮੁੜ ਆਪਣੇ ਪੈਰਾਂ ਤੇ ਖੜ੍ਹੇ ਹੋ ਗਏ ਜਦੋਂ ਕਿ ਮਰਾਠੇ ਆਪਣੇ ਨੁਕਸਾਨ ਤੋਂ ਬਾਅਦ ਕਈ ਦਹਾਕਿਆਂ ਤੱਕ ਵੀ ਆਪਣੇ ਪੈਰਾਂ ਤੇ ਖੜ੍ਹੇ ਨਹੀਂ ਸਨ ਹੋ ਸਕੇ।

ਅਹਿਮਦ ਸ਼ਾਹ ਦਾ ਸੱਤਵਾਂ ਹਮਲਾ 1764-65 ਈ. ਅਤੇ ਅੱਠਵਾਂ ਹਮਲਾ 1766-67 ਈ. ਵਿਚ ਹੋਇਆ ਪਰ ਉਹ ਛੇਤੀ ਆਪਣੇ ਦੇਸ਼ ਨੂੰ ਪਰਤ ਜਾਂਦਾ ਸੀ ਕਿਉਂਕਿ ਉਸ ਦੇ ਆਪਣੇ ਮੁਲਕ ਵਿਚ ਅਸਥਿਰਤਾ ਫੈਲ ਰਹੀ ਸੀ। ਅਹਿਮਦ ਸ਼ਾਹ ਜੋ ਆਪਣੇ ਜ਼ਮਾਨੇ ਦਾ ਏਸ਼ੀਆ ਦਾ ਇਕ ਮਹਾਨ ਜਰਨੈਲ ਸੀ ਸਿੱਖਾਂ ਹੱਥੋਂ ਮਜਬੂਰ ਹੋ ਕੇ ਪੰਜਾਬ ਨੂੰ ਸਿੱਖਾਂ ਲਈ ਹੀ ਛੱਡ ਕੇ ਚਲਾ ਗਿਆ। ਭਾਵੇਂ 1757 ਅਤੇ 1762 ਈ. ਵਿਚ ਉਹ ਹਰਿਮੰਦਰ ਸਾਹਿਬ ਨੂੰ ਢਾਹ ਢੇਰੀ ਕਰਕੇ ਤੇ ਸਰੋਵਰ ਨੂੰ ਮਿੱਟੀ ਨਾਲ ਪੂਰ ਕੇ ਤੇ ਹੋਰ ਸਭ ਅਸਭਿਅਕ ਢੰਗਾਂ ਨਾਲ ਇਸ ਪਵਿੱਤਰ ਅਸਥਾਨ ਨੂੰ ਅਪਵਿੱਤਰ ਕਰਕੇ ਸਿੱਖਾਂ ਦੇ ਹੌਂਸਲੇ ਪ੍ਰਸਤ ਕਰਨਾ ਚਾਹੁੰਦਾ ਸੀ ਪਰ ਸਿੱਖ ਸਭ ਨੁਕਸਾਨ ਉਠਾ ਕੇ ਵਧੇਰੇ ਜ਼ੋਰ ਨਾਲ ਉਭਰ ਕੇ ਉਸ ਦੇ ਸਾਹਮਣੇ ਆਉਂਦੇ ਰਹੇ ਤੇ ਅੰਤ ਨੂੰ ਬਦੇਸ਼ੀ ਹਾਕਮਾਂ ਤੋਂ ਸੁਤੰਤਰ ਹੋਣ ਵਿਚ ਸਫਲ ਹੋ ਗਏ।

## ਸਿੱਖ ਮਿਸਲਾਂ

**ਸਿੱਖ ਮਿਸਲਾਂ** - ਪੰਜਾਬ ਵਿਚੋਂ ਮੁਗਲਾਂ ਅਤੇ ਅਫ਼ਗਾਨਾਂ ਦੀ ਸ਼ਕਤੀ ਸਮਾਪਤ ਕਰਨ ਉਪਰੰਤ ਸਿੱਖ ਸਰਦਾਰਾਂ ਨੇ, ਪੰਜਾਬ ਦੇ ਵੱਖ-ਵੱਖ ਭਾਗਾਂ ਵਿਚ ਆਪਣੇ ਰਾਜ ਸਥਾਪਤ ਕਰ ਲਏ ਜਿਨ੍ਹਾਂ ਦਾ ਨਾਂ ਮਿਸਲਾਂ ਰੱਖਿਆ ਗਿਆ। ਇਨ੍ਹਾਂ ਦੀ ਗਿਣਤੀ ਬਾਰ੍ਹਾਂ ਸੀ ਪਰ ਇਨ੍ਹਾਂ ਤੋਂ ਇਲਾਵਾ ਕਈ ਹੋਰ ਛੋਟੇ-ਛੋਟੇ ਖੁਦ ਮੁਖਤਾਰ ਰਾਜ ਵੀ ਕਾਇਮ ਹੋ ਗਏ ਸਨ। ਮਿਸਲਾਂ ਦੇ ਸਰਦਾਰ ਪਹਿਲਾਂ ਆਪਣੇ ਪ੍ਰਭਾਵ ਅਧੀਨ ਇਲਾਕਿਆਂ ਨੂੰ ਛੋਟੀਆਂ-ਮੋਟੀਆਂ ਅੰਦਰੂਨੀ ਗੜਬੜਾਂ ਤੋਂ ਸੁਰੱਖਿਆ ਪ੍ਰਦਾਨ ਕਰਦੇ ਸਨ ਅਤੇ ਪਿੱਛੋਂ ਉਨ੍ਹਾਂ ਇਲਾਕਿਆਂ ਦੇ ਹਾਕਮ ਬਣ ਗਏ। ਮਿਸਲਾਂ ਦੇ ਨਾਂ ਉਨ੍ਹਾਂ ਦੇ ਮੋਢੀ ਸਰਦਾਰਾਂ ਦੇ ਨਾਂਵਾਂ ਜਾਂ ਪਿੰਡਾਂ ਦੇ ਨਾਂਵਾਂ ਜਾਂ ਉਨ੍ਹਾਂ ਦੇ ਕਿਸੇ ਵਿਸ਼ੇਸ਼ ਗੁਣ ਕਰਕੇ ਰੱਖੇ ਜਾਂਦੇ ਸਨ। ਮਿਸਲਾਂ ਦੇ ਸਰਦਾਰਾਂ ਕੋਲ ਭਾਵੇਂ ਥੋੜ੍ਹੇ ਇਲਾਕੇ ਸਨ ਜਾਂ ਬਹੁਤ ਪਰ ਉਨ੍ਹਾਂ ਨੂੰ ਖੁਦਮੁਖਤਾਰੀ ਦੇ ਅਧਿਕਾਰ ਪ੍ਰਾਪਤ ਸਨ। ਸਰਦਾਰ ਜੱਸਾ ਸਿੰਘ ਆਹਲੂਵਾਲੀਆ (1718-1783) ਆਹਲੂਵਾਲੀਆ ਮਿਸਲ ਦਾ ਮੋਢੀ ਸੀ। ਉਸ ਦੀ ਰਾਜਧਾਨੀ ਕਪੂਰਥਲਾ ਸੀ ਤੇ ਉਹ ਆਪਣੀ ਮੌਤ ਤੱਕ ਸਿੱਖ ਕੌਮ ਦਾ ਆਗੂ ਰਿਹਾ। ਉਹ ਖੁਲ੍ਹ-ਦਿਲਾ ਤੇ ਧਾਰਮਿਕ ਸਹਿਣਸ਼ੀਲਤਾ ਵਾਲਾ ਵਿਅਕਤੀ ਸੀ। ਕਾਜ਼ੀ ਨੂਰ ਮੁਹੰਮਦ ਲਿਖਦਾ ਹੈ ਕਿ

'ਉਹ ਮੈਦਾਨੇ ਜੰਗ ਵਿਚ ਪਹਾੜ ਦੀ ਤਰ੍ਹਾਂ ਅਟਲ ਖੜ੍ਹਾ ਦਿਸਦਾ ਸੀ ਤੇ ਉਸ ਨੂੰ ਕਿਸੇ ਦਾ ਭੈਅ ਨਹੀਂ ਸੀ।'

ਭੰਗੀ ਮਿਸਲ ਸਿੱਖਾਂ ਦੀ ਬੜੀ ਮਸ਼ਹੂਰ ਮਿਸਲ ਸੀ। ਅੰਮ੍ਰਿਤਸਰ ਗੁਜਰਾਤ ਅਤੇ ਲਾਹੌਰ ਸ਼ਹਿਰ ਦੇ ਕੁਝ ਭਾਗ ਉਨ੍ਹਾਂ ਦੇ ਅਧੀਨ ਸਨ। ਭੰਗੀਆਂ ਦੀ ਮਿਸਲ ਆਪਣੇ ਆਰੰਭਕ ਕਾਲ ਵਿਚ ਸ਼ਾਇਦ ਦੂਜੀਆਂ ਸਭ ਮਿਸਲਾਂ ਤੋਂ ਅੱਗੇ ਸੀ ਤੇ ਉਨ੍ਹਾਂ ਨੇ ਸਭ ਤੋਂ ਪਹਿਲਾਂ ਆਪਣੇ ਅਧੀਨ ਇਲਾਕੇ ਉੱਤੇ ਖੁਦਮੁਖਤਾਰੀ ਕਾਇਮ ਕੀਤੀ। ਸ਼ੁਰੂ ਵਿਚ ਹੀ ਉਨ੍ਹਾਂ ਪਾਸ 12000 ਘੋੜ ਸਵਾਰ ਸਨ। ਇਸ ਮਿਸਲ ਦੇ ਪ੍ਰਸਿੱਧ ਹਾਕਮਾਂ ਵਿਚ ਸਰਦਾਰ ਹਰੀ ਸਿੰਘ, ਝੰਡਾ ਸਿੰਘ, ਗੰਡਾ ਸਿੰਘ, ਲਹਿਣਾ ਸਿੰਘ ਅਤੇ ਗੁੱਜਰ ਸਿੰਘ ਸ਼ਾਮਲ ਸਨ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ (1723-1803) ਰਾਮਗੜ੍ਹੀਆ ਮਿਸਲ ਦਾ ਬਾਨੀ ਸੀ। ਬਟਾਲਾ, ਕਲਾਨੌਰ, ਮਸਤੀਵਾਲ, ਦਸੂਹਾ, ਤਲਵਾੜਾ, ਮਿਆਣੀ, ਬੇਗੋਵਾਲ, ਉੜਮੁੜ ਟਾਂਡਾ, ਯਹੀਆਪੁਰ ਆਦਿ ਪਰਗਣੇ ਉਸ ਦੇ ਅਧੀਨ ਸਨ। ਸ਼ੁਰੂ ਵਿਚ ਰਾਮਗੜ੍ਹੀਆ ਦਾ ਸਦਰ ਮੁਕਾਮ ਰਾਮਗੜ੍ਹ ਜਾਂ ਰਾਮ ਰਾਉਣੀ ਸੀ ਪਰ ਪਿੱਛੋਂ ਇਨ੍ਹਾਂ ਨੇ ਬਟਾਲੇ ਦੇ ਨੇੜੇ ਸ੍ਰੀ ਹਰਗੋਬਿੰਦਪੁਰ ਨੂੰ ਆਪਣੀ ਰਾਜਧਾਨੀ ਬਣਾ ਲਿਆ। ਸ. ਜੱਸਾ ਸਿੰਘ ਇਕ ਬਹਾਦਰ ਯੋਧਾ ਸੀ ਜਿਹੜਾ ਖ਼ਤਰਿਆਂ ਦੀ ਪ੍ਰਵਾਹ ਨਾ ਕਰਦਾ ਹੋਇਆ ਰਣਭੂਮੀ ਵਿਚ ਜਾ ਧਮਕਦਾ ਸੀ। ਰਾਮਗੜ੍ਹੀਆ ਕੋਲ ਤਿੰਨ ਹਜ਼ਾਰ ਘੋੜ ਸਵਾਰਾਂ ਦੀ ਫ਼ੌਜ ਸੀ।

ਸਰਦਾਰ ਕਪੂਰ ਸਿੰਘ (1697-1753) ਫੈਜ਼ਲਪੁਰੀਆ ਜਾਂ ਸਿੰਘਪੁਰੀਆ ਮਿਸਲ ਦਾ ਮੋਢੀ ਸੀ। ਇਹ ਫ਼ੈਜ਼ਲਪੁਰ ਦੇ ਦਲੀਪ ਸਿੰਘ ਵਿਰਕ ਦਾ ਪੁੱਤਰ ਸੀ। ਇਹ ਸ਼ੁਰੂ ਵਿਚ ਬੰਦਾ ਸਿੰਘ ਬਹਾਦਰ ਦੇ ਸਾਥੀਆਂ ਵਿਚ ਵੀ ਰਿਹਾ ਸੀ। ਇਹ ਉੱਚਾ ਲੰਬਾ, ਸਰੀਰੋਂ ਮਜ਼ਬੂਤ ਤੇ ਦਲੇਰੀ ਦੇ ਕਾਰਨਾਮੇ ਕਰਨ ਲਈ ਸਦਾ ਤਤਪਰ ਰਹਿੰਦਾ ਸੀ। ਇਹ ਤੇਜ਼-ਬੁਧ ਅਤੇ ਸਥਿਤੀ ਨੂੰ ਤੁਰੰਤ ਸਮਝ ਲੈਣ ਦੀ ਸਮਰੱਥਾ ਰੱਖਦਾ ਸੀ ਅਤੇ ਇਸ ਦੇ ਇਲਾਕੇ ਦਰਿਆ ਸਤਲੁਜ ਦੇ ਪੂਰਬ ਅਤੇ ਪੱਛਮ ਵਿਚ ਸਨ ਜਿਨ੍ਹਾਂ ਤੋਂ ਇਸ ਨੂੰ ਸਾਲ ਦੀ ਛੇ ਲੱਖ ਦੀ ਆਮਦਨੀ ਹੁੰਦੀ ਸੀ। ਇਸ ਕੋਲ 2500 ਘੋੜਸਵਾਰਾਂ ਦੀ ਸੈਨਾ ਸੀ। ਜ਼ਕਰੀਆ ਖ਼ਾਂ ਨੇ ਇਸ ਨੂੰ ਜਾਗੀਰ ਸਮੇਤ ਨਵਾਬ ਦਾ ਖ਼ਿਤਾਬ ਵੀ ਦਿੱਤਾ ਸੀ। ਇਸ ਦੀ ਜਾਗੀਰ ਵਿਚ ਦੀਪਾਲਪੁਰ, ਕੰਘਨਵਾਲ ਅਤੇ ਝਬਾਲ ਦੇ ਪਰਗਣੇ ਸ਼ਾਮਲ ਸਨ ਜਿਨ੍ਹਾਂ ਤੋਂ ਇਕ ਲੱਖ ਦੀ ਸਾਲਾਨਾ ਆਦਮਨੀ ਹੁੰਦੀ ਸੀ ਪਰ ਲਾਹੌਰ ਸਰਕਾਰ ਦਾ ਵਿਰੋਧ ਕਰਨ ਕਾਰਨ ਇਕ ਦੋ ਸਾਲਾਂ ਦੇ ਅੰਦਰ ਹੀ 1735 ਈ. ਵਿਚ ਇਸ ਦੀ ਜਾਗੀਰ ਜ਼ਬਤ ਹੋ ਗਈ ਸੀ।

ਸਰਦਾਰ ਜੈ ਸਿੰਘ ਕਨ੍ਹਈਆ ਮਿਸਲ ਦਾ ਮੋਢੀ ਸੀ ਤੇ ਬਟਾਲਾ ਉਸ ਦੀ ਰਾਜਧਾਨੀ ਸੀ। ਕਨ੍ਹਈਆ ਮਿਸਲ ਅਧੀਨ ਇਲਾਕਿਆਂ ਵਿਚ ਬਟਾਲਾ, ਕਲਾਨੌਰ, ਹਾਜੀਪੁਰ, ਕਾਂਗੜਾ ਅਤੇ ਜੰਮੂ ਸ਼ਾਮਲ ਸਨ। ਸਰਦਾਰ ਜੈ ਸਿੰਘ ਦਾ ਸਿੱਖਾਂ ਵਿਚ ਬੜਾ ਸਤਿਕਾਰ ਸੀ ਪਰ ਉਸ ਦੇ ਹੰਕਾਰੀ ਸੁਭਾਅ ਨੇ ਸਰਦਾਰ ਮਹਾਂ ਸਿੰਘ ਸ਼ੁਕਰਚਕੀਆ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਉਸ ਦੇ ਵਿਰੋਧੀ ਬਣਾ ਦਿੱਤਾ। ਉਨ੍ਹਾਂ ਦੋਹਾਂ ਹੱਥੋਂ ਇਸ ਨੂੰ ਬਹੁਤ ਨੁਕਸਾਨ ਝੱਲਣਾ ਪਿਆ। ਇਸ ਦਾ ਪੁੱਤਰ ਗੁਰਬਖ਼ਸ਼ ਸਿੰਘ ਉਨ੍ਹਾਂ ਵਿਰੁੱਧ ਲੜਦਾ ਹੋਇਆ ਮਾਰਿਆ ਗਿਆ। ਸਰਦਾਰ ਜੈ ਸਿੰਘ ਦੀ ਮੌਤ ਤੋਂ ਬਾਅਦ ਉਸ ਦੀ ਨੂੰਹ ਸਦਾ ਕੌਰ ਨੇ ਮਿਸਲ ਦੀ ਵਾਂਗਡੋਰ ਸੰਭਾਲੀ। ਸਦਾ ਕੌਰ ਆਪਣੇ ਸਮੇਂ ਦੀ ਇਕ ਦਲੇਰ ਔਰਤ ਸੀ ਜਿਹੜੀ ਜਵਾਈ ਮਹਾਰਾਜਾ ਰਣਜੀਤ ਸਿੰਘ ਦੇ ਇਕ ਸ਼ਕਤੀਸ਼ਾਲੀ ਹਾਕਮ ਬਣਨ ਵਿਚ ਬੜੀ ਸਹਾਈ ਹੋਈ ਸੀ। ਪਿੱਛੋਂ ਮਹਾਰਾਜਾ ਰਣਜੀਤ ਸਿੰਘ ਨੇ ਕਨ੍ਹਈਆ ਮਿਸਲ ਨੂੰ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ। ਇਸ ਮਿਸਲ ਕੋਲ 8000 ਘੋੜਸਵਾਰ ਸਨ।

ਸਰਦਾਰ ਤਾਰਾ ਸਿੰਘ ਘੇਬਾ ਡਲੇਵਾਲੀਆ ਮਿਸਲ ਦਾ ਸਭ ਤੋਂ ਵੱਧ ਪ੍ਰਸਿੱਧ ਹਾਕਮ ਸੀ। ਇਸ ਦੀ ਰਾਜਧਾਨੀ ਰਾਹੋਂ ਸੀ। ਨਕੋਦਰ ਦੇ ਆਲੇ ਦੁਆਲੇ ਦਾ ਇਲਾਕਾ ਸਰਦਾਰ ਤਾਰਾ ਸਿੰਘ ਦੀ ਅਧੀਨ ਸੀ। ਇਸ ਨੇ ਸਿੱਖਾਂ ਵੱਲੋਂ ਗੰਗਾ ਦੁਆਬ, ਰੁਹੇਲਖੰਡ ਅਤੇ ਦਿੱਲੀ ਉੱਤੇ ਕੀਤੇ ਹਮਲਿਆਂ ਵਿਚ ਭਾਗ ਲਿਆ ਸੀ। ਪਟਿਆਲਾ ਘਰਾਣੇ ਨਾਲ ਇਸ ਦੇ ਮਿੱਤਰਤਾ ਪੂਰਵਕ ਸਬੰਧ ਸਨ। ਮਹਾਰਾਜਾ ਰਣਜੀਤ ਸਿੰਘ ਇਸ ਨੂੰ ਬਾਬਾ ਜੀ ਕਹਿ ਕੇ ਸੰਬੋਧਨ ਕਰਦਾ ਸੀ। ਇਹ ਗਰੀਬਾਂ ਅਤੇ ਲਾਚਾਰਾਂ ਦਾ ਬਹੁਤ ਹਮਦਰਦ ਸੀ। ਤਾਰਾ ਸਿੰਘ ਬਹੁਤ ਹੀ ਸ਼ਰਧਾਲੂ ਸਿੱਖ ਅਤੇ ਸਾਦਾ ਜੀਵਨ ਬਤੀਤ ਕਰਨ ਵਾਲਾ ਹਾਕਮ ਸੀ। ਸੰਨ 1807 ਵਿਚ ਆਪਣੀ ਮੌਤ ਸਮੇਂ ਇਹ 100 ਸਾਲਾਂ ਦਾ ਸੀ।

ਸ਼ਹੀਦ ਮਿਸਲ ਦੇ ਮੋਢੀ ਬਾਬਾ ਦੀਪ ਸਿੰਘ ਸ਼ਹੀਦ (1682-1757) ਦਾ ਸਦਰ ਮੁਕਾਮ ਦਮਦਮਾ ਸਾਹਿਬ ਵਿਚ ਸੀ। ਆਪ ਪਰਗਣਾ ਅੰਮ੍ਰਿਤਸਰ ਦੇ ਪੋਹੂਵਿੰਡ ਦੇ ਸੰਧੂ ਜੱਟ ਸਨ। ਆਪ 1708 ਤੋਂ 1715 ਈ. ਤੱਕ ਬੰਦਾ ਸਿੰਘ ਬਹਾਦਰ ਨਾਲ ਵੀ ਰਹੇ। ਆਪ ਨੇ ਲੜਦੇ ਹੋਏ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਆਪਣੇ ਸੁਆਸ ਤਿਆਗੇ ਸਨ। ਸ਼ਹੀਦ ਮਿਸਲ ਦੀ ਨੌਕਰੀ ਵਿਚ 2000 ਘੋੜਸਵਾਰ ਸਨ।

ਨਕਈਆਂ ਨੇ ਜ਼ਿਲ੍ਹਾ ਲਾਹੌਰ ਦੇ ਨਗਰ ਬਾਹੜਵਾਲ ਵਿਚ ਬੈਠ ਕੇ ਆਪਣਾ ਰਾਜ ਚਲਾਇਆ। ਚੁਨੀਆ, ਕਸੂਰ ਦਾ ਕੁਝ ਹਿੱਸਾ, ਸ਼ਕਰਪੁਰ, ਕੋਟ ਕਮਾਲੀਆ ਆਦਿ ਦੇ ਇਲਾਕੇ ਉਨ੍ਹਾਂ ਦੇ ਰਾਜ ਵਿਚ ਸ਼ਾਮਲ ਸਨ। ਸ਼ੁਰੂ ਵਿਚ ਸਤਲੁਜ ਅਤੇ ਰਾਵੀ ਦੇ ਵਿਚਕਾਰ ਅਤੇ ਲਾਹੌਰ ਅਤੇ ਮੋਗੇਰਾ ਦੇ ਵਿਚਕਾਰ ਦੇ ਇਲਾਕਿਆਂ ਵਿਚੋਂ ਕੁਝ ਉੱਤੇ ਉਨ੍ਹਾਂ ਦਾ ਅਧਿਕਾਰ ਸੀ। ਇਸ ਮਿਸਲ ਦੇ ਹਾਕਮਾਂ ਵਿਚ ਸਰਦਾਰ ਹੀਰਾ ਸਿੰਘ, ਨਾਹਰ ਸਿੰਘ, ਰਣ ਸਿੰਘ, ਭਗਵਾਨ ਸਿੰਘ, ਗਿਆਨ ਸਿੰਘ, ਕਾਨ੍ਹ ਸਿੰਘ ਸ਼ਾਮਲ ਸਨ। ਇਸ ਮਿਸਲ ਨੂੰ 1810 ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਵਿਚ ਮਿਲਾ ਲਿਆ ਸੀ।

ਸ. ਬਘੇਲ ਸਿੰਘ ਕਰੋੜਸਿੰਘੀਆ ਮਿਸਲ ਦਾ ਬਹੁਤ ਮੰਨਿਆ ਪ੍ਰਮੰਨਿਆ ਹਾਕਮ ਸੀ। ਕਰਨਾਲ ਦੇ ਜ਼ਿਲ੍ਹੇ ਵਿਚ ਛਾਉਣੀ ਨੂੰ ਉਸ ਨੇ ਆਪਣੀ ਰਾਜਧਾਨੀ ਬਣਾਇਆ ਸੀ। ਬਿਸਤ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਕੁਝ ਇਲਾਕਿਆਂ ਉੱਤੇ ਵੀ ਉਸ ਦਾ ਕਬਜ਼ਾ ਸੀ। ਸ. ਬਘੇਲ ਸਿੰਘ 40,000 ਸੈਨਿਕ ਲੈ ਕੇ ਦਿੱਲੀ ਵਿਚ ਦਾਖਲ ਹੋਇਆ ਸੀ ਅਤੇ ਬਾਦਸ਼ਾਹ ਸ਼ਾਹ ਆਲਮ ਦੂਜੇ ਨੇ ਉਸ ਨੂੰ ਦਿੱਲੀ ਵਿਚ ਗੁਰਦੁਆਰੇ ਬਣਾਉਣ ਦੀ ਆਗਿਆ ਦੇ ਦਿੱਤੀ ਸੀ। ਇਨ੍ਹਾਂ ਗੁਰਦੁਆਰਿਆਂ ਵਿਚ ਮਜਨੂੰ ਕਾ ਟਿਲਾ, ਗੁਰਦੁਆਰਾ ਸੀਸ ਗੰਜ, ਗੁਰਦੁਆਰਾ ਰਕਾਬਗੰਜ, ਗੁਰਦੁਆਰਾ ਮੋਤੀ ਬਾਗ ਅਤੇ ਗੁਰਦੁਆਰਾ ਬੰਗਲਾ ਸਾਹਿਬ ਸ਼ਾਮਲ ਸਨ। ਚਾਰ ਹਜ਼ਾਰ ਸੈਨਿਕ ਸ. ਬਘੇਲ ਸਿੰਘ ਨੇ 1783 ਈ. ਦੇ ਅੰਤ ਤੱਕ ਆਪਣੇ ਨਾਲ ਦਿੱਲੀ ਵਿਚ ਰੱਖੇ। ਸਰਦਾਰ ਬਘੇਲ ਸਿੰਘ ਦੇ ਅਧੀਨ 12,000 ਘੋੜ ਸਵਾਰ ਸਨ।

ਬਾਬਾ ਆਲਾ ਸਿੰਘ (1695-1765) ਫੂਲਕੀਆ ਮਿਸਲ (ਪਟਿਆਲਾ ਘਰਾਣਾ) ਦਾ ਬਾਨੀ ਸੀ। ਉਸ ਨੇ ਆਪਣੀ ਰਾਜਧਾਨੀ


ਬਰਨਾਲੇ ਤੋਂ ਬਦਲ ਕੇ ਫਰਵਰੀ 1764 ਵਿਚ ਪਟਿਆਲੇ ਲੈ ਆਂਦੀ। ਰਾਜਨੀਤੀ ਵਿਚ ਬਾਬਾ ਆਲਾ ਸਿੰਘ ਨਿਪੁੰਨ ਸੀ। ਸੰਨ 1748 ਵਿਚ ਉਸ ਨੇ ਅਹਿਮਦਸ਼ਾਹ ਦੁਰਾਨੀ ਦੀ ਸੈਨਾ ਨੂੰ ਲੁਟਿਆ। ਸੰਨ 1757 ਵਿਚ ਅਹਿਮਦ ਸ਼ਾਹ ਦੇ ਪੁੱਤਰ ਤੈਮੂਰ ਸ਼ਾਹ ਨੂੰ ਦਿੱਲੀ ਤੋਂ ਮੁੜਨ ਸਮੇਂ ਸਨੌਰ ਦੇ ਨੇੜੇ ਲੁਟ ਲਿਆ। ਪਾਣੀਪਤ ਦੀ ਲੜਾਈ ਸਮੇਂ 1760–61 ਵਿਚ ਦੁਰਾਨੀ ਦੇ ਖਿਲਾਫ਼ ਮਰਾਠਿਆਂ ਨੂੰ ਅਨਾਜ ਮੁਹੱਈਆ ਕੀਤਾ। ਸੰਨ 1764 ਵਿਚ ਦਲ ਖ਼ਾਲਸਾ ਵਿਚ ਸ਼ਾਮਲ ਹੋ ਕੇ ਸਰਹਿੰਦ ਉੱਤੇ ਹਮਲਾ ਕੀਤਾ ਅਤੇ ਉਥੋਂ ਦੇ ਗਵਰਨਰ ਜ਼ੈਨ ਖਾਂ ਨੂੰ ਮਾਰਨ ਵਿਚ ਸਹਾਇਤਾ ਕੀਤਾ। ਇਸ ਸਾਰੇ ਕੁਝ ਦੇ ਹੁੰਦੇ ਹੋਇਆਂ ਬਾਬਾ ਆਲਾ ਸਿੰਘ ਨੂੰ ਅਹਿਮਦ ਸ਼ਾਹ ਅਬਦਾਲੀ ਵੱਲੋਂ ਰਾਜਾ ਦਾ ਖਿਤਾਬ ਅਤੇ ਸਰਹਿੰਦ ਦੀ ਗਵਰਨਰੀ ਮਿਲੀ। ਬਾਬਾ ਆਲਾ ਸਿੰਘ ਨੂੰ ਸਿੱਖਾਂ ਦਾ ਬਿਸਮਾਰਕ ਕਿਹਾ ਜਾ ਸਕਦਾ ਹੈ। ਉਸ ਦੇ ਹੱਥ ਵਿਚ ਤਿੰਨ ਗੇਂਦਾਂ ਸਨ ਜਿਨ੍ਹਾਂ ਨੂੰ ਉਹ ਇਕੋ ਸਮੇਂ ਹਵਾ ਵਿਚ ਉਛਾਲਦਾ ਸੀ ਤੇ ਕਿਸੇ ਨੂੰ ਵੀ ਹੇਠਾਂ ਨਹੀਂ ਸੀ ਡਿੱਗਣ ਦੇਂਦਾ। ਉਹ ਗੇਂਦਾਂ ਸਨ : ਦਲ ਖ਼ਾਲਸਾ, ਅਫ਼ਗਾਨ ਅਤੇ ਮੁਗ਼ਲ – ਜਿਨ੍ਹਾਂ ਨਾਲ ਉਸ ਨੇ ਚੰਗੇ ਸੰਬੰਧ ਬਣਾਈ ਰੱਖੇ।

ਨਿਸ਼ਾਨਵਾਲੀਆ ਮਿਸਲ ਦੇ ਹੈੱਡਕੁਆਰਟਰ ਜ਼ੀਰਾ ਅਤੇ ਅੰਬਾਲਾ ਸਨ। ਸਰਦਾਰ ਗੁਰਬਖ਼ਸ਼ ਸਿੰਘ ਦੀ ਵਿਧਵਾ ਦਯਾ ਕੌਰ ਅੰਬਾਲੇ ਤੇ ਰਾਜ ਕਰਦੀ ਸੀ। ਲੈਪਲ ਗ੍ਰਿਫ਼ਨ ਲਿਖਦਾ ਹੈ ਕਿ 'ਦਯਾ ਕੌਰ ਇਕ ਮਹਾਨ ਹਾਕਮ ਸੀ ਅਤੇ ਉਸ ਦਾ ਰਾਜ ਅੰਗਰੇਜ਼ਾਂ ਦੀ ਸ਼ਰਨ ਆਏ ਰਾਜਾਂ ਵਿਚੋਂ ਸਭ ਤੋਂ ਵਧੀਆ ਢੰਗ ਨਾਲ ਚਲਾਇਆ ਜਾਂਦਾ ਸੀ।'

ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਮਿਸਲ ਦਾ ਮੋਢੀ ਸੀ। ਉਸ ਨੇ ਗੁਜਰਾਂਵਾਲਾ ਵਿਚ ਆਪਣਾ ਸਦਰ ਮੁਕਾਮ ਬਣਾਇਆ। ਲਾਹੌਰ ਦਾ ਗਵਰਨਰ ਖ਼ਵਾਜਾ ਅਬੈਦ ਖਾਂ ਉਸ ਪਾਸੋਂ ਰਕਮ ਵਸੂਲ ਆਇਆ ਜਿਸ ਨੂੰ ਸਰਦਾਰ ਚੜ੍ਹਤ ਸਿੰਘ ਦੀ ਫ਼ੌਜ ਨੇ ਭਜਾ ਦਿੱਤਾ। ਥੋੜ੍ਹੇ ਚਿਰ ਵਿਚ ਹੀ ਸਰਦਾਰ ਚੜ੍ਹਤ ਸਿੰਘ ਨੇ ਚਕਵਾਲ, ਜਲਾਲਪੁਰ ਅਤੇ ਰਸੂਲਪੁਰ ਦੇ ਕਸਬਿਆਂ ਉੱਪਰ ਕਬਜ਼ਾ ਕਰ ਲਿਆ ਤੇ ਪਿੰਡ ਦਾਦਨ ਖਾਂ ਤੋਂ ਨਜ਼ਰਾਨਾ ਵਸੂਲ ਕੀਤਾ। ਛੇਤੀ ਹੀ ਪਿੱਛੋਂ ਉਸ ਨੇ ਸਿਆਲਕੋਟ ਅਤੇ ਰੋਹਤਾਸ ਦੇ ਇਲਾਕੇ ਵੀ ਆਪਣੇ ਕਬਜ਼ੇ ਵਿਚ ਕਰ ਲਏ। ਸੰਨ 1770 ਵਿਚ ਉਸ ਦੀ ਮੌਤ ਪਿੱਛੋਂ ਉਸ ਦਾ ਪੁੱਤਰ ਸਰਦਾਰ ਮਹਾਂ ਸਿੰਘ ਮਿਸਲ ਦੀ ਗੱਦੀ ਉੱਤੇ ਬੈਠਾ। ਉਸ ਨੇ ਆਪਣੇ ਪਿਤਾ ਦੇ ਜਿੱਤੇ ਹੋਏ ਸਭ ਇਲਾਕੇ ਆਪਣੇ ਕਬਜ਼ੇ ਵਿਚ ਰੱਖੇ ਤੇ ਆਪਣੇ ਰਾਜ ਦਾ ਹੋਰ ਵਿਸਤਾਰ ਕੀਤਾ।

**ਮੁੱਖ ਸਰੋਤ - ਪੰਜਾਬ ਕੋਸ਼, ਭਾਸ਼ਾ ਵਿਭਾਗ, ਪੰਜਾਬ।**

**ਚਲਦਾ**



**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.),**

**ਸੈਕਟਰ 30-ਏ, ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ**

**ਵੱਲੋਂ**

**ਸ਼ਹੀਦ ਬਾਬਾ ਦੀਪ ਸਿੰਘ ਜੀ**

**ਦੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਨਾਮ !**



ਸ. ਹਰਭਜਨ ਸਿੰਘ
ਪ੍ਰਧਾਨ

# ਸੱਤਵੇਂ ਨਾਨਕ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**




ਬਾਬਾ ਗੁਰਦਿੱਤਾ ਦੇ ਦੋ ਸਪੁੱਤਰ ਸਨ-ਬਾਬਾ ਧੀਰਮੱਲ ਅਤੇ ਗੁਰੂ ਹਰਿਰਾਇ ਜੀ। ਗੁਰੂ ਹਰਿਰਾਇ ਸਾਹਿਬ ਦਾ ਪ੍ਰਕਾਸ਼ 16 ਜਨਵਰੀ 1630 ਈ. ਨੂੰ ਕੀਰਤਪੁਰ ਸਾਹਿਬ ਵਿਖੇ ਬਾਬਾ ਗੁਰਦਿੱਤਾ ਦੇ ਘਰ ਮਾਤਾ ਨਿਹਾਲ ਕੌਰ ਦੇ ਉਦਰ ਤੋਂ ਹੋਇਆ। ਕੀਰਤਪੁਰ ਸਾਹਿਬ ਬਾਬਾ ਗੁਰਦਿੱਤਾ ਨੇ ਗੁਰੂ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਦੇਸ਼ ਅਨੁਸਾਰ ਵਸਾਇਆ ਸੀ। ਇਸ ਅਸਥਾਨ 'ਤੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਸਾਈਂ ਬੁੱਢਣ ਸ਼ਾਹ ਨੂੰ ਮਿਲੇ ਸਨ।

ਗੁਰੂ ਹਰਿਰਾਇ ਸਾਹਿਬ ਬਚਪਨ ਤੋਂ ਹੀ ਕੁਦਰਤ ਪ੍ਰੇਮੀ, ਸ਼ਾਂਤ ਸੁਭਾਅ, ਦਇਆ, ਕੋਮਲਤਾ ਆਦਿ ਸਦਗੁਣਾਂ ਦੇ ਧਾਰਨੀ ਸਨ। ਖਾਣ-ਪੀਣ, ਬੋਲਣ ਸਬੰਧੀ ਬਹੁਤ ਹੀ ਸੰਜਮੀ ਸਨ। ਆਪ ਦਾ ਬਚਪਨ ਗੁਰੂ ਪਿਤਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਹਜ਼ੂਰੀ ਵਿਚ ਬੀਤਿਆ। ਅਰੰਭਕ ਅਧਿਆਤਮਿਕ ਤੇ ਸੰਸਾਰਿਕ, ਸਰੀਰਿਕ ਸਿੱਖਿਆ ਅਤੇ ਸ਼ਸਤਰ ਵਿੱਦਿਆ ਵੀ ਆਪ ਨੇ ਗੁਰੂ ਪਿਤਾ ਦੀ ਦੇਖ-ਰੇਖ ਅਤੇ ਸੁਚੱਜੀ ਅਗਵਾਈ ਵਿਚ ਪ੍ਰਾਪਤ ਕੀਤੀ। ਆਪ ਜੀ ਦਾ ਵਿਆਹ ਸ੍ਰੀ ਦਇਆ ਰਾਮ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ ਨਾਲ 1640 ਈ: ਵਿਚ ਹੋਇਆ। ਆਪ ਦੇ ਦੋ ਸਪੁੱਤਰ ਸਨ ਬਾਬਾ ਰਾਮਰਾਇ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 3 ਮਾਰਚ, 1644 ਈ: ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤਿ ਸਮਾ ਗਏ। 8 ਮਾਰਚ, 1644 ਈ: ਨੂੰ ਗੁਰਿਆਈ ਦੀ ਰਸਮ ਅਦਾ ਕੀਤੀ ਗਈ। ਬਾਬਾ ਬੁੱਢਾ ਜੀ ਦੇ ਸਪੁੱਤਰ ਭਾਈ ਭਾਨਾ ਜੀ ਨੇ ਗੁਰੂ ਹਰਿਰਾਇ ਸਾਹਿਬ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ। ਉਸ ਸਮੇਂ ਗੁਰੂ ਹਰਿਰਾਇ ਸਾਹਿਬ ਜੀ ਦੀ ਉਮਰ 14 ਸਾਲ ਦੀ ਸੀ। ਗੁਰੂ ਹਰਿਰਾਇ ਜੀ ਨੇ ਗੁਰੂ ਪਿਤਾ ਦੇ ਉਪਦੇਸ਼ ਨੂੰ ਜੀਵਨ ਭਰ ਨਿਭਾਇਆ। ਗੁਰੂ ਹਰਿਰਾਇ ਸਾਹਿਬ ਦੇ ਸਮੇਂ ਸਿੱਖ ਧਰਮ ਨੇ ਚੰਗੀ ਉੱਨਤੀ ਕੀਤੀ। ਗੁਰੂ ਸਾਹਿਬ ਨੇ ਉਪਦੇਸ਼ ਦ੍ਰਿੜ੍ਹ ਕਰਵਾਇਆ ਕਿ ਸਾਨੂੰ ਗੁਰਬਾਣੀ ਦੇ ਲੜ ਲੱਗਣਾ ਚਾਹੀਦਾ ਹੈ। ਮਸੰਦਾਂ ਤੇ ਮੀਣਿਆਂ ਨੇ ਗੁਰੂ ਹਰਿਰਾਇ ਸਾਹਿਬ ਦਾ ਹਮੇਸ਼ਾ ਵਿਰੋਧ ਕੀਤਾ। ਗੁਰਤਾਗੱਦੀ 'ਤੇ ਬਿਰਾਜਮਾਨ ਹੋਣ ਤੋਂ ਕੁਝ ਸਮਾਂ ਬਾਅਦ ਔੜ ਨਾਲ ਭਾਰੀ ਕਾਲ ਪੈ ਗਿਆ, ਜਿਸ ਕਾਰਨ ਲੁਕਾਈ ਤਰਾਹ-ਤਰਾਹ ਕਰ ਉੱਠੀ ਤੇ ਰੋਟੀ ਤੋਂ ਆਤੁਰ ਹੋ ਗਏ। ਗੁਰੂ ਸਾਹਿਬ ਜੀ ਨੇ ਗੁਰੂ-ਘਰ ਦੀ ਪਰੰਪਰਾ ਅਨੁਸਾਰ ਦੁਖੀਆਂ ਦੀ ਤਨ-ਮਨ-ਧਨ ਨਾਲ ਸੇਵਾ ਕੀਤੀ। ਸਤਿਗੁਰੂ ਜੀ ਨੇ ਭੁੱਖਿਆਂ ਲਈ ਲੰਗਰ, ਬਿਮਾਰਾਂ ਲਈ ਸ਼ਫ਼ਾਖਾਨੇ ਖੋਲ੍ਹ ਦਿੱਤੇ। ਸਤਿਗੁਰੂ ਜੀ ਵੱਲੋਂ ਮਨੁੱਖ ਜਾਤੀ ਦੇ ਕਲਿਆਣਕਾਰੀ ਕਾਰਜਾਂ ਨੂੰ ਤੱਕ ਕੇ 'ਦਾਰਾ ਸ਼ਿਕੋਹ' ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੂ ਕੇ ਲੰਗਰ ਵਾਸਤੇ ਜਾਗੀਰ ਦੇਣੀ ਚਾਹੀ ਪਰ ਗੁਰੂ ਜੀ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਬਾਦਸ਼ਾਹੀ ਜਾਗੀਰ ਨਾਲ ਗੁਰੂ ਕੇ ਅਸੀਮਤ ਲੰਗਰ ਭੰਡਾਰਾਂ ਨੂੰ ਸੀਮਤ ਨਹੀਂ ਕਰਨਾ ਚਾਹੁੰਦੇ।

ਗੁਰੂ ਜੀ ਨੇ ਕੀਰਤਪੁਰ ਦੀ ਧਰਤੀ 'ਤੇ ਇਲਾਜ ਵਾਸਤੇ ਵਰਤੀਆਂ ਜਾਂਦੀਆਂ ਜੜ੍ਹੀਆਂ ਬੂਟੀਆਂ ਦਾ ਬਾਗ ਲਗਵਾਇਆ ਤੇ ਇਕ ਖੋਜ ਕੇਂਦਰ ਸਥਾਪਿਤ ਕੀਤਾ। ਜੇਕਰ ਦਾਰਾ ਸ਼ਿਕੋਹ ਬਿਮਾਰ ਹੋਇਆ ਤਾਂ ਇਲਾਜ ਲਈ ਦਵਾਈਆਂ, ਜੜ੍ਹੀਆਂ-ਬੂਟੀਆਂ ਗੁਰੂ ਦਰਬਾਰ ਵੱਲੋਂ ਭੇਜੀਆਂ ਗਈਆਂ, ਜਿਸ ਨਾਲ ਉਸ ਦਾ ਅਸਾਧ ਰੋਗ ਠੀਕ ਹੋਇਆ। ਜੇਕਰ ਘਰੇਲੂ ਝਗੜੇ ਕਰਕੇ ਦਾਰਾ ਸ਼ਿਕੋਹ ਬਾਦਸ਼ਾਹ ਔਰੰਗਜ਼ੇਬ ਦੀ ਮਾਰ ਤੋਂ ਡਰਦਾ, ਗੁਰੂ ਦਰਬਾਰ ਵਿਚ ਪਹੁੰਚਾ ਤਾਂ ਉਸ ਨੂੰ ਦਰਿਆ ਬਿਆਸ ਪਾਰ ਕਰਵਾਇਆ ਗਿਆ।

ਜਦੋਂ ਔਰੰਗਜ਼ੇਬ ਨੇ ਬਗ਼ਾਵਤ ਕਰਕੇ ਆਪਣੇ ਪਿਤਾ ਸ਼ਾਹ ਜਹਾਨ ਨੂੰ ਕੈਦ ਕਰ ਲਿਆ। ਦਾਰਾ ਸ਼ਿਕੋਹ ਵੀ ਔਰੰਗਜ਼ੇਬ ਦਾ ਮੁਕਾਬਲਾ ਨਾ ਕਰ ਸਕਿਆ ਅਤੇ ਜਾਨ ਬਚਾਉਣ ਲਈ ਦਿੱਲੀ ਤੋਂ ਦੌੜ ਗਿਆ। ਔਰੰਗਜ਼ੇਬ ਨੂੰ ਗੁਰੂ-ਘਰ ਦੇ ਵਿਰੋਧੀਆਂ ਨੇ ਸ਼ਿਕਾਇਤ ਕੀਤੀ ਕਿ ਗੁਰੂ ਹਰਿਰਾਇ ਸਾਹਿਬ ਜੀ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਹੈ, ਦੂਸਰਾ ਸਿੱਖਾਂ ਦੀ ਵਧ ਰਹੀ ਸ਼ਕਤੀ ਤੋਂ ਔਰੰਗਜ਼ੇਬ ਚਿੰਤਤ ਸੀ। ਇਸ ਲਈ ਬਾਦਸ਼ਾਹ ਨੇ ਗੁਰੂ ਹਰਿਰਾਇ ਸਾਹਿਬ ਜੀ ਨੂੰ ਦਿੱਲੀ ਆਉਣ ਦਾ ਸੱਦਾ ਭੇਜਿਆ। ਗੁਰੂ ਜੀ ਆਪ ਤਾਂ ਨਾ ਗਏ, ਆਪਣੀ ਥਾਵੇਂ ਆਪਣੇ ਵੱਡੇ ਸਪੁੱਤਰ ਬਾਬਾ ਰਾਮਰਾਇ ਨੂੰ ਭੇਜਿਆ। ਜਾਣ ਤੋਂ ਪਹਿਲਾਂ ਗੁਰੂ ਜੀ ਨੇ ਉਸ ਨੂੰ ਹਦਾਇਤ ਕੀਤੀ ਕਿ ਗੁਰੂ ਆਸਰੇ ਰਹਿਣਾ ਅਤੇ ਗੁਰੂ ਆਸ਼ੇ ਵਿਰੁੱਧ ਕੋਈ ਗੱਲਬਾਤ ਨਹੀਂ ਕਰਨੀ। ਬਾਬਾ ਰਾਮਰਾਇ ਬਹੁਤ ਹੀ ਵਿਦਵਾਨ ਤੇ ਹਾਜ਼ਰ ਜਵਾਬ ਸਨ। ਦਿੱਲੀ ਜਾ ਕੇ ਉਨ੍ਹਾਂ ਬਾਦਸ਼ਾਹ ਔਰੰਗਜ਼ੇਬ ਦੇ ਹਰ ਸਵਾਲ ਦਾ ਜਵਾਬ ਤਸੱਲੀਬਖ਼ਸ਼ ਦਿੱਤਾ। ਬਾਦਸ਼ਾਹ ਬਹੁਤ ਪ੍ਰਭਾਵਿਤ ਹੋਇਆ, ਪਰ ਜਦ ਔਰੰਗਜ਼ੇਬ ਨੇ ਬਾਬਾ ਰਾਮਰਾਇ ਤੋਂ ਗੁਰਬਾਣੀ ਦੀ ਪਾਵਨ ਪੰਗਤੀ 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ...' ਦੇ ਅਰਥ ਪੁੱਛੇ ਤਾਂ ਰਾਮਰਾਇ ਨੇ ਬਾਦਸ਼ਾਹ ਨੂੰ ਖੁਸ਼ ਕਰਨ ਲਈ ਕਿਹਾ ਕਿ ਸ਼ਬਦ 'ਮੁਸਲਮਾਨ' ਨਹੀਂ; 'ਬੇਈਮਾਨ' ਹੈ, ਪਰ ਕਾਤਿਬ ਦੀ ਗ਼ਲਤੀ ਨਾਲ ਮੁਸਲਮਾਨ ਲਿਖਿਆ ਗਿਆ। ਬਾਬਾ ਰਾਮਰਾਇ ਜੀ ਨੇ ਅਜਿਹਾ ਕਰਕੇ ਬਾਦਸ਼ਾਹ ਦੀ ਖੁਸ਼ੀ ਤਾਂ ਹਾਸਲ ਕਰ ਲਈ ਪਰ ਗੁਰੂ ਦਰਬਾਰ ਤੋਂ ਹਮੇਸ਼ਾ ਲਈ ਦੂਰ ਹੋ ਗਿਆ, ਕਿਉਂਕਿ ਜਦ ਗੁਰੂ ਹਰਿਰਾਇ ਸਾਹਿਬ ਜੀ ਨੂੰ ਇਸ ਵਾਰਤਾ ਦਾ ਪਤਾ ਲੱਗਾ ਤਾਂ ਉਨ੍ਹਾਂ ਕਹਿ ਭੇਜਿਆ ਕਿ 'ਤੁਸਾਂ ਸਾਡੇ ਮੱਥੇ ਨਹੀਂ ਲੱਗਣਾ, ਤੁਸਾਂ ਦੁਨਿਆਵੀ ਵਡਿਆਈ ਖਾਤਰ ਇਲਾਹੀ ਬਾਣੀ ਦਾ ਨਿਰਾਦਰ ਕੀਤਾ ਹੈ।'

ਆਪਣਾ ਅੰਤਿਮ ਸਮਾਂ ਨੇੜੇ ਆਇਆ ਜਾਣ ਕੇ ਗੁਰੂ ਜੀ ਨੇ ਗੁਰਿਆਈ ਆਪਣੇ ਛੋਟੇ ਸਾਹਿਬਜ਼ਾਦੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਸੌਂਪ ਦਿੱਤੀ। ਆਪ ਜੀ 6 ਅਕਤੂਬਰ, 1661 ਈ: ਨੂੰ ਕੀਰਤਪੁਰ ਹੀ ਜੋਤੀ ਜੋਤਿ ਸਮਾ ਗਏ। ਸਾਨੂੰ ਵੀ ਗੁਰੂ ਸਾਹਿਬ ਦੇ ਦੱਸੇ ਮਾਰਗ 'ਤੇ ਚੱਲ ਕੇ ਆਪਣਾ ਜੀਵਨ ਸਫ਼ਲਾ ਕਰਨਾ ਚਾਹੀਦਾ ਹੈ।

# ਗੁਰ ਸਾਗਰ ਦੇ ਸੁੱਚੇ ਮੋਤੀ

**ਸਿੰਘ ਸਾਹਿਬ ਗਿਆਨੀ ਚੇਤ ਸਿੰਘ**

ਐਮ.ਐਲ.ਏ. ਬਣ ਕੇ ਜੋ ਜੋ ਆਪ ਜੀ ਨੇ ਕੰਮ ਕੀਤੇ, ਉਹ ਕਿਸੇ ਤੋਂ ਛਿਪੇ ਨਹੀਂ। ਉਨ੍ਹਾਂ ਇਕ ਚਮਤਕਾਰਾ ਕਰਕੇ ਵਿਖਾ ਦਿੱਤਾ। ਫਿਰ ਆਪ ਜੀ ਨੇ ਆਪਣੇ ਧਾਰਮਿਕ ਵਿਰਸੇ ਨੂੰ ਵੀ ਕਾਇਮ ਰੱਖਿਆ। ਪੰਥ ਦਾ ਵੀ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਸਾਥ ਦਿੱਤਾ। ਆਪ ਜੀ ਦੇ ਸੰਬੰਧ ਵਿਚ ਸ. ਬਲਦੇਵ ਸਿੰਘ ਜੀ, ਜੋ ਅਕਾਲੀ ਪਾਰਟੀ ਦੇ ਪੰਜਾਬ ਅਸੈਂਬਲੀ ਦੇ ਮੈਂਬਰਾਂ ਦੇ ਲੀਡਰ ਸਨ, ਉਨ੍ਹਾਂ ਇਕ ਵੇਰ ਕਿਹਾ ਸੀ ਕਿ ਸਾਡੀ ਪਾਰਟੀ ਵਿਚ ਜੋ ਅਡੋਲ, ਜੋ ਖਰੀਦੇ ਨਹੀਂ ਜਾ ਸਕਦੇ, ਪਾਰਟੀ ਦੇ ਪੱਕੇ, ਜਿਨ੍ਹਾਂ ਉੱਤੇ ਪੂਰਾ ਭਰੋਸਾ ਕੀਤਾ ਜਾ ਸਕਦਾ ਹੈ, ਉਹ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਐਮ.ਐਲ.ਏ. ਹਨ। ਇਸ ਤਰ੍ਹਾਂ ਆਪ ਜੀ ਨੇ ਆਪਣੀ ਇੱਜ਼ਤ ਅਤੇ ਲੁਬਾਣਾ ਬਰਾਦਰੀ ਦੀ ਇੱਜ਼ਤ ਨੂੰ ਚਾਰ ਚੰਨ ਲਾ ਕੇ ਉਜਲਾ ਕਰ ਦਿੱਤਾ। ਜਿਹੜੇ ਕੰਮ ਉਨ੍ਹਾਂ ਨੇ ਕੀਤੇ ਉਹ ਲਿਖਣ ਤੋਂ ਬਾਹਰ ਹਨ ਤੇ ਸਭ ਦੇ ਸਾਹਮਣੇ ਹਨ।

### ਭੋਰਾ ਦੇਵੀ ਵਿਚ ਵਣਜਾਰਾ ਕਾਨਫਰੰਸ ਤੇ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ

ਜ਼ਿਲ੍ਹਾ ਏਟਾ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਗਿਆਨੀ ਅਮਰ ਸਿੰਘ ਜੀ ਚਾਕਰ ਪ੍ਰਚਾਰ ਕਰਦੇ ਸਨ। ਉਨ੍ਹਾਂ ਦਾਸ ਨੂੰ ਭੀ ਕਈ ਵੇਰ ਕਿਹਾ ਸੀ ਕਿ ਜ਼ਿਲ੍ਹਾ ਏਟਾ ਵਿਚ ਵਣਜਾਰਾ ਲੁਬਾਣਾ ਬਰਾਦਰੀ ਬਹੁਤ ਹੈ ਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਬੇਨਤੀ ਕੀਤੀ ਹੈ ਕਿ ਉਹ ਇਸ ਸਾਲ ਭੋਰਾ ਦੇਵੀ, ਜਿਥੇ ਅਪ੍ਰੈਲ ਵਿਚ ਬੜਾ ਭਾਰੀ ਇਕੱਠ ਹੁੰਦਾ ਹੈ ਉਥੇ ਜ਼ਰੂਰ ਦਰਸ਼ਨ ਦੇਣਾ। ਤੁਸੀਂ ਭੀ ਮੇਰੀ ਮਦਦ ਕਰੋ ਤੇ ਆਪ ਮਹਾਂਪੁਰਖਾਂ ਨੂੰ ਉਥੇ ਜ਼ਰੂਰ ਲੈ ਕੇ ਪੁਜੋ। ਮੈਂ ਕਿਹਾ ਕਿ ਮੈਂ ਭੀ ਬੇਨਤੀ ਕਰਾਂਗਾ। ਥੋੜ੍ਹੇ ਦਿਨ ਰਹਿੰਦੇ ਸਨ, ਗਿਆਨੀ ਅਮਰ ਸਿੰਘ ਜੀ ਚਾਕਰ ਫਿਰ ਆਏ। ਉਨ੍ਹਾਂ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਪਾਸ ਬੇਨਤੀ ਕੀਤੀ। ਆਪ ਜੀ ਨੇ ਪ੍ਰਵਾਨਗੀ ਦੇ ਦਿੱਤੀ ਤੇ ਗਿਆਨੀ ਅਮਰ ਸਿੰਘ ਜੀ ਚਾਕਰ ਨੂੰ ਕਿਹਾ ਕਿ ਅਸੀਂ ਇਥੋ 4 ਅਪ੍ਰੈਲ ਨੂੰ ਚੱਲਾਂਗੇ ਤੇ 5 ਤਰੀਕ ਨੂੰ ਅਕੋਲੇ ਪੁੱਜ ਜਾਵਾਂਗੇ। ਇਸ ਪ੍ਰੋਗਰਾਮ ਅਨੁਸਾਰ ਦਾਸ ਨੂੰ ਭੀ ਗਿਆਨੀ ਅਮਰ ਸਿੰਘ ਜੀ ਨੇ ਦੱਸ ਦਿੱਤਾ। ਆਪ ਜੀ ਦੇ ਨਾਲ ਦਾਸ ਤੇ ਬਲਵੰਤ ਕੌਰ ਜੀ ਤੇ ਗਿਆਨੀ ਹਰਚਰਨ ਸਿੰਘ ਜੀ, ਉਨ੍ਹਾਂ ਦਾ ਪਰਿਵਾਰ ਤੇ ਕੁੱਛ ਹੋਰ ਪ੍ਰੇਮੀ ਠੀਕ 4 ਤਰੀਕ ਨੂੰ ਲਾਹੌਰ ਤੋਂ ਗੱਡੀ ਚੜ੍ਹੇ ਤੇ 5 ਤਰੀਕ ਨੂੰ ਅਕੋਲੇ ਪੁੱਜੇ। ਇਥੇ ਸਰਦਾਰਾਂ ਦੀ ਮਿੱਲ ਸੀ। ਬੜੇ ਪ੍ਰੇਮੀ ਸਿੰਘ ਸਨ। ਮਹਾਂਪੁਰਖਾਂ ਦਾ ਬੜਾ ਸਤਿਕਾਰ ਕੀਤਾ। ਰਾਤ ਇਥੇ ਹੀ ਰਹੇ। ਅਗਲੇ ਦਿਨ 6 ਤਰੀਕ ਨੂੰ ਭੋਰਾ ਦੇਵੀ ਬੜਾ ਔਖਾ ਜਿਹਾ ਸਫ਼ਰ ਸੀ। ਬੈਲ ਗੱਡੀਆਂ ਤੋਂ ਬਿਨਾਂ ਹੋਰ ਕੋਈ ਸੁਆਰੀ ਇਥੋਂ ਨਹੀਂ ਸੀ ਮਿਲੀ। ਇਥੇ ਵਣਜਾਰਿਆਂ ਦਾ ਗੁਰੂ ਸੀ, ਉਸ ਨੇ ਬੜਾ ਸਤਿਕਾਰ ਕੀਤਾ। ਚਾਕਰ ਜੀ ਨੇ ਦੀਵਾਨ ਦਾ ਪ੍ਰਬੰਧ ਕੀਤਾ। ਇਸ ਦੀਵਾਨ ਵਿਚ ਚੌਹਾਨ, ਲੁਬਾਣੇ, ਪਰਮਾਰ, ਰਾਠੌਰ ਆਦਿ ਬਰਾਦਰੀਆਂ ਸ਼ਾਮਲ ਹੋਈਆਂ। ਚਾਕਰ ਜੀ ਨੇ ਸੰਤ ਬਾਬਾ ਪ੍ਰੇਮ ਜੀ ਦੀ ਵਣਜਾਰਾ ਬਰਾਦਰੀ ਨਾਲ ਵਾਕਫੀਅਤ ਕਰਾਈ ਅਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਇਥੇ ਪੁੱਜਣ ਦਾ ਚਾਕਰ ਜੀ ਨੇ ਕਾਰਨ ਦੱਸਿਆ। ਆਪ ਜੀ ਨੇ ਪ੍ਰੇਰਨਾ ਕੀਤੀ ਕਿ ਤੁਸੀਂ ਸਿੱਖੀ ਗ੍ਰਹਿਣ ਕਰ ਲਵੋ। ਗੁਰੂ ਨਾਨਕ ਨਾਮ ਲੇਵਾ ਤਾਂ ਤੁਸੀਂ ਅੱਗੇ ਹੀ ਹੋ, ਸ਼ਰਧਾ ਤੁਹਾਡੀ ਅਥਾਹ ਹੈ। ਇਨ੍ਹਾਂ ਵਣਜਾਰਿਆਂ ਦੱਸਿਆ ਕਿ ਅਸੀਂ ਨੰਦੇੜ ਵਾਲੇ ਗੁਰੂ ਜੀ ਨੂੰ ਮੰਨਦੇ ਹਾਂ, ਦਸਵੰਧ ਕੱਢਦੇ ਹਾਂ ਤੇ ਨੰਦੇੜ ਵਾਲੇ ਗੁਰੂ ਦੇ ਚਰਨਾਂ ਵਿਚ ਜਾ ਕੇ ਭੇਟਾ ਕਰਦੇ ਹਾਂ। ਸਾਡੇ ਘਰਾਂ ਵਿਚ ਜਦੋਂ ਬੱਚਾ ਪੈਦਾ ਹੁੰਦਾ ਹੈ ਤਾਂ ਅਸੀਂ ਨੰਦੇੜ ਜਾ ਕੇ ਨਾਮ ਰਖਵਾਉਂਦੇ ਹਾਂ। ਜਿਸ ਬੱਚੇ ਦਾ ਨਾਮ ਨੰਦੇੜ ਵਾਲੇ ਗੁਰੂ ਦੇ ਦਰਬਾਰ ਵਿਚ ਜਾ ਕੇ ਰੱਖਦੇ ਹਾਂ, ਉਹ ਬੀੜੀ ਨਹੀਂ ਪੀਂਦਾ। ਇਨ੍ਹਾਂ ਦੀ ਸ਼ਰਧਾ ਬਹੁਤ ਸੀ, ਪਰ ਸਿੱਖ ਬਣਨ ਲਈ ਇਨ੍ਹਾਂ ਕਈ ਮਜਬੂਰੀਆਂ ਦੱਸੀਆਂ ਵੈਸੇ ਇਹ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਦਰਸ਼ਨ ਕਰਕੇ ਬੜੇ ਖੁਸ਼ ਹੋਏ। ਇਥੋਂ ਆਪ ਜੀ ਨੇ ਸਾਰੀ ਸੰਗਤ ਨੂੰ ਨਾਲ ਲੈ ਕੇ ਗੱਡੀ ਰਾਹੀਂ 12 ਅਪ੍ਰੈਲ ਨੂੰ ਨੰਦੇੜ ਵਿਚ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਪੁੱਜ ਕੇ ਦਰਸ਼ਨ ਕੀਤੇ।

13 ਤਰੀਕ ਵੈਸਾਖੀ ਵਾਲੇ ਦਿਨ ਗੁਦਾਵਰੀ ਵਿਚ ਇਸ਼ਨਾਨ ਕੀਤਾ ਤੇ ਕਲਗੀਧਰ ਪਿਤਾ ਜੀ ਦੇ ਪਵਿੱਤਰ ਅਸਥਾਨ ਤੇ ਜਥਾ ਸ਼ਕਤ ਭੇਟਾ ਕੀਤੀ, ਦਰਸ਼ਨ ਕੀਤੇ, ਕੀਰਤਨ ਦਾ ਅਨੰਦ ਮਾਣਿਆ ਅਤੇ ਨਾਸ਼ਤਾ ਆਦਿ ਲੈ ਕੇ ਬਾਹਰਲੇ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਤਿਆਰ ਹੋਏ। ਸਰਬਰਾਹ ਸ. ਗੁਪਾਲ ਸਿੰਘ ਜੀ ਨੇ ਮਹਾਂਪੁਰਖਾਂ ਲਈ ਘੋੜਾ ਦਿੱਤਾ ਤੇ ਬਾਕੀ ਸੰਗਤ ਨੇ ਪੈਦਲ ਚਾਲੇ ਪਾਏ। ਸਾਰੇ ਗੁਰਦੁਆਰਿਆਂ ਦੇ ਦਰਸ਼ਨ ਕਰਕੇ ਰਾਤ ਨੂੰ ਵਾਪਸ ਪੁੱਜੇ। ਅਗਲੇ ਦਿਨ ਲੁਬਾਣਾ ਬਰਾਦਰੀ ਦੇ ਬਹੁਤ ਸਾਰੇ ਸੱਜਣ ਜੋ ਇਧਰ ਰਹਿੰਦੇ ਸਨ, ਉਹ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਦਰਸ਼ਨ ਕਰਨ ਲਈ ਆਏ। ਉਨ੍ਹਾਂ ਕਲਗੀਧਰ ਜੀ ਦੇ ਪਵਿੱਤਰ ਅਸਥਾਨ ਲਈ ਆਪਣੀ ਬੜੀ ਪਿਆਰ ਬੜੀ ਸ਼ਰਧਾ ਦੱਸੀ ਤੇ ਕਈ ਬਚਨ ਭੀ ਹੋਰ ਬਰਾਦਰੀ ਸੰਬੰਧੀ ਦੱਸੇ। ਇਸ ਤਰ੍ਹਾਂ ਯਾਤਰਾ ਕਰਕੇ, ਸਮੇਤ ਸੰਗਤਾਂ ਦੇ, ਸੰਤ ਬਾਬਾ ਪ੍ਰੇਮ ਸਿੰਘ ਜੀ 18 ਅਪ੍ਰੈਲ, 1916 ਨੂੰ ਸਵੇਰੇ ਦਿੱਲੀ ਪੁੱਜੇ। ਇਥੇ ਮੇਜਰ ਰਣਜੀਤ ਸਿੰਘ ਜੀ ਕੁਆਂਖ ਵਾਲੇ ਮਿਲੇ। ਉਹ ਕਹਿਣ ਲੱਗੇ-ਬਾਬਾ ਜੀ ਆਪ ਨੇ ਮਹਾਨ ਕਿਰਪਾ ਕੀਤੀ, ਅਸੀਂ ਯਾਦ ਕਰ ਰਹੇ ਹਾਂ, ਆਪ ਜੀ ਨੇ ਪਰਤੱਖ ਦਰਸ਼ਨ ਦੇ ਕੇ ਸਾਨੂੰ ਨਿਹਾਲ ਕੀਤਾ ਹੈ।

(ਚਲਦਾ)

# ਜਨਵਰੀ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ



ਗੁਰਚਰਨ ਸਿੰਘ
ਸੀਨੀਅਰ ਵਾਇਸ ਪ੍ਰਧਾਨ
(ਹੈੱਡ ਕੁਆਰਟਰ)

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:)
## ਸੈਕਟਰ 30-ਏ, ਚੰਡੀਗੜ੍ਹ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ ਜੀਓ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਪਿਛਲੀ ਰਿਪੋਰਟ ਦੀ ਲਗਾਤਾਰਤਾ ਵਿੱਚ ਜਨਵਰੀ 2024 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ। ਖਰਚੇ ਦੀ ਰਾਸ਼ੀ ਇਸ ਕਰਕੇ ਜ਼ਿਆਦਾ ਹੈ ਕਿਉਂਕਿ ਟੈਂਡਰ ਦੀ ਅਰਨੈਸਟ () ਰਾਸ਼ੀ 4,00,000/- (ਚਾਰ ਲੱਖ ਰੁਪਏ ) ਵਾਪਿਸ ਕੀਤੇ ਗਏ ਹਨ, ਜੋ ਕਿ ਟੈਂਡਰ ਨਾਲ ਆਰਜੀ ਤੌਰ ’ਤੇ ਜਮਾਂ ਹੋਏ ਸਨ।

ਜਨਵਰੀ ਮਹੀਨੇ ਦੀ ਕੁੱਲ ਆਮਦਨ (ਰੁਪਏ) – 7,69,916/-

ਜਨਵਰੀ ਮਹੀਨੇ ਦਾ ਕੁੱਲ ਖਰਚ (ਰੁਪਏ) – 12,15,425/-

2. **ਦਸੰਬਰ ਮਹੀਨੇ ਦੀ ਸੰਗਰਾਂਦ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਮਾਘਿ ਮਹੀਨੇ ਸੰਗਰਾਂਦ ਦਾ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ।“ ।।ਮਾਘਿ ਮਜਨੁ ਸੰਗਿ ਸਾਧੂਆਂ ਧੂੜੀ ਕਰਿ ਇਸਨਾਨੁ ।।ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ।। ”

3. **ਡੈਂਟਲ ਕਲੀਨਿਕ ਦੀ ਰਿਪੋਰਟ** - ਡੈਂਟਲ ਕਲੀਨਿਕ ਦੀ ਸੇਵਾਵਾਂ ਦਾ ਕੰਮ ਚੜ੍ਹਦੀ ਕਲਾ ਵਿੱਚ ਚੱਲ ਰਿਹਾ ਹੈ ਜਿਸ ਵਿੱਚ ਜਨਵਰੀ ਮਹੀਨੇ ਵਿੱਚ 14 ਲਾਭਪਾਤਰੀਆਂ ਨੇ ਡੈਂਟਲ ਸੇਵਾਵਾਂ ਦਾ ਚੈੱਕਅਪ ਅਤੇ ਇਲਾਜ ਕਰਾ ਕੇ ਲਾਹਾ ਲਿਆ ਹੈ।

4. **ਭਾਈ ਮਨੀ ਸਿੰਘ ਬਲਾਕ ਦੀ ਫ਼ਾਇਰ ਫ਼ਾਇਟਿੰਗ ਦੀ ਐਨ.ਓ.ਸੀ. ਬਾਰੇ** - ਇੰਜ ਹਰਦੇਵ ਸਿੰਘ, ਸੀ. ਮੈਂਟੀ. ਸਕੱਤਰ ਵਲੋਂ ਐਨ.ਓ.ਸੀ. ਪ੍ਰਾਪਤ ਕਰਨ ਦੀ ਕੋਸ਼ਿਸ਼ਾਂ ਜਾਰੀ ਹਨ। ਇਸ ਵਿਸ਼ੇ ਤੇ ਕਾਰਵਾਈ ਛੇਤੀ ਕਰਨੀ ਬਣਦੀ ਹੈ।

5. **ਜ਼ਰੂਰਤ ਤੇ ਹੋਣਹਾਰ ਬੱਚਿਆ ਨੂੰ ਵਜੀਫ਼ੇ ਦੇਣ ਸੰਬੰਧੀ** - ਲੁਬਾਣਾ ਸੇਵਕ ਮੈਗਜ਼ੀਨ ਵਿੱਚ ਬਿਨੈਪੱਤਰ ਫ਼ਾਰਮ ਮੁੱਕਮਲ ਕਰਕੇ ਪ੍ਰਾਪਤ ਕਰਨ ਦੀ ਮਿਤੀ 31.01.2024 ਰੱਖੀ ਗਈ ਸੀ ਜਿਸ ਵਿੱਚ ਤਕਰੀਬਨ 35 ਫ਼ਾਰਮ ਮਿਲੇ ਹਨ। ਸ੍ਰ: ਨਰਿੰਦਰ ਸਿੰਘ, ਪੀ.ਈ.ਐਸ. (ਰਿਟਾ.) ਕਾਰਜਕਾਰੀ ਮੈਂਬਰ ਅਤੇ ਵਜੀਫ਼ਾ ਵੰਡ ਸਬ-ਕਮੇਟੀ ਦੇ ਚੇਅਰਮੈਨ ਵਲੋਂ ਅਗਲੇਰੀ ਕਾਰਵਾਈ ਛੇਤੀ ਹੀ ਕਰਕੇ ਬੱਚਿਆਂ ਨੂੰ ਵਜੀਫ਼ਿਆਂ ਦੀ ਅਦਾਇਗੀ ਸਾਲ ਭਰ ਲਈ ਮਨਜੂਰੀ ਉਪਰੰਤ ਕਰ ਦਿੱਤੀ ਜਾਵੇਗੀ।

6. **ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਡੇਸ਼ਨ ਦੀ ਮੁਰਮੰਤ ਬਾਰੇ** - ਇਸ ਵਿਸ਼ੇ ਸਥਿਤੀ ਕੰਮ ਨਾ ਹੋਣ ਕਰਕੇ ਜਿਉਂ ਦੀ ਤਿਉਂ ਹੀ ਹੈ।

7. **ਮਨੀਸ਼ ਕੁਮਾਰ ਗਬਨ ਕੇਸ ਬਾਰੇ** - ਇਸ ਕੰਮ ਵਿੱਚ ਸਥਿਤੀ ਦੀ ਅਗਲੇਰੀ ਕਾਰਵਾਈ ਹਿੱਤ ਮਤਲਬ ਐਫ਼.ਆਈ.ਆਰ. ਦਰਜ ਕਰਵਾਉਣ ਸੰਬੰਧੀ ਸ੍ਰ: ਜਗਜੀਤ ਸਿੰਘ ਭਗਤਾਨਾ, ਐਸ.ਐਸ.ਪੀ. (ਰਿਟਾ.), ਸੀ. ਮੀਤ ਪ੍ਰਧਾਨ, ਪੰਜਾਬ ਅਗਲੇਰੀ ਕਾਰਵਾਈ ਕਰ ਰਹੇ ਹਨ।

8. ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਡੇਸ਼ਨ, ਸੈਕਟਰ-30-ਏ, ਚੰਡੀਗੜ੍ਹ ਵਲੋਂ ਸਰਦਾਰ ਬਲਬੀਰ ਸਿੰਘ, ਸੈਸ਼ਨ ਜੱਜ (ਰਿਟਾ.) ਜੀ ਦੇ ਸਵਰਗਵਾਸ ਹੋਣ ਤੇ ਮਿਤੀ 22.01.2024 ਅੱਜ ਅੰਤਮ ਅਰਦਾਸ ਸਮੇਂ ਗਹਿਰਾ ਡੂੰਘਾ ਅਫ਼ਸੋਸ ਪ੍ਰਗਟ ਕਰਦੇ ਹਨ। ਸ੍ਰ: ਬਲਬੀਰ ਸਿੰਘ ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਡੇਸ਼ਨ, ਚੰਡੀਗੜ੍ਹ ਦੇ ਮੁੱਢਲੇ ਸਾਬਕਾ ਪ੍ਰਧਾਨ, ਸਵਰਗਵਾਸੀ ਸ੍ਰ: ਗੁਰਬਖ਼ਸ਼ ਸਿੰਘ ਮੁਲਤਾਨੀ, ਆਈ. ਏ. ਐਸ. (ਰਿਟਾ.) ਜੀ ਦੇ ਛੋਟੇ ਭਰਾ ਸਨ। ਸ੍ਰ: ਬਲਬੀਰ ਸਿੰਘ ਜੀ ਦੇ ਛੋਟੇ ਭਰਾ ਸ੍ਰ: ਬਲਵਿੰਦਰ ਸਿੰਘ ਮੁਲਤਾਨੀ, ਈ.ਟੀ.ਓ. (ਰਿਟਾ.) ਸਨ। ਸ੍ਰ: ਬਲਬੀਰ ਸਿੰਘ ਜੀ ਆਪਣੇ ਬੇਟੇ ਸਰਦਾਰ ਮਨਦੀਪ ਸਿੰਘ ਨਾਲ ਕਨੇਡਾ ਵਿਖੇ ਰਹਿ ਰਹੇ ਸਨ। ਸ੍ਰ: ਬਲਬੀਰ ਸਿੰਘ ਜੀ ਅਤੇ ਸਮੂਹ ਪਰਿਵਾਰ ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਡੇਸ਼ਨ ਨਾਲ ਤਨ, ਮਨ ਅਤੇ ਧਨ ਨਾਲ ਪੂਰੀ ਤਰ੍ਹਾਂ ਨਾਲ ਜੁੜਿਆ ਹੋਇਆ ਸੀ ਅਤੇ ਹਰ ਸਮੇਂ ਸੇਵਾ ਭਾਵਨਾ ਨਾਲ ਬਿਰਾਦਰੀ ਅਤੇ ਸਮਾਜ ਦੀ ਸੇਵਾ ਵਿੱਚ

ਤੱਤਪਰ ਰਹਿੰਦੇ ਸਨ। ਸ੍ਰ: ਬਲਬੀਰ ਸਿੰਘ ਇੱਕ ਬਹੁਤ ਹੀ ਸੁੱਘੜ, ਉੱਚ ਪੜ੍ਹੇ-ਲਿਖੇ ਅਤੇ ਮਿਹਨਤੀ ਇਨਸਾਨ ਸਨ। ਆਪ ਜੀ ਦੇ ਵਿਛੋੜੇ ਕਾਰਨ ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਡੇਸ਼ਨ ਨੂੰ ਬਹੁਤ ਘਾਟਾ ਪਿਆ ਹੈ । ਵਾਹਿਗੁਰੂ ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਆਪ ਜੀ ਨੂੰ ਆਪਣੇ ਚਰਨ੍ਹਾਂ ਵਿੱਚ ਸਦੀਵੀ ਨਿਵਾਸ ਬੱਖਸ਼ਣ ਅਤੇ ਪਿੱਛੋ ਪਰਿਵਾਰ ਨੂੰ ਭਾਣਾ ਮਨਣ ਦਾ ਬਲ ਬਖਸ਼ਣ।

**9. ਭਾਈ ਲੱਖੀ ਸ਼ਾਹ ਬਲਾਕ ਦੀ ਉਸਾਰੀ ਸੰਬੰਧੀ** - ਮਿਤੀ 03.01.2024 ਨੂੰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਉਪਰੰਤ ਅਰਦਾਸ ਕਰਕੇ ਜੋ ਆਰੰਭਤਾ ਭਾਈ ਲੱਖੀ ਸ਼ਾਹ ਬਲਾਕ ਬਾਰੇ ਸਮੂਹ ਸਬ-ਕਮੇਟੀ ਮੈਂਬਰਾਂ ਵਲੋਂ ਕੀਤੀ ਗਈ ਸੀ, ਉਸਦਾ ਕੰਮ ਮੈਂਬਰਾਂ ਦੇ ਸਹਿਯੋਗ ਨਾਲ ਚੱਲ ਰਿਹਾ ਹੈ । ਹੁਣ ਤੱਕ ਫ਼ਾਊਡੇਸ਼ਨ ਦੇ ਥੱਲੇ ਖੁਦਾਈ ਕਰਕੇ ਚਿਕਨੀ ਮਿੱਟੀ ਦੀ ਜਗਾ ਪੱਥਰ ਅਤੇ ਰੇਤਲੀ ਮਿੱਟੀ ਨੂੰ ਚੰਗੀ ਤਰ੍ਹਾਂ ਲੋੜ ਅਨੁਸਾਰ ਕੁਟਾਈ ਕਰਕੇ ਪਰਤਾਂ ਵਿੱਚ ਪਾਇਆ ਗਿਆ ਹੈ ਤਾਂ ਜੋ ਨੀਹਾਂ ਦੇ ਥੱਲੇ ਚੰਗੀ ਤਰ੍ਹਾਂ ਪਕਾਈ ਰਹੇ। ਕੰਮ ਸ਼ੁਰੂ ਕਰਨ ਤੋਂ ਪਹਿਲਾਂ ਭਾਈ ਮਨੀ ਸਿੰਘ ਬਲਾਕ ਦੇ ਪਾਣੀ, ਸੀਵਰੇਜ਼ ਅਤੇ ਲਾਇਟਾਂ ਨੂੰ ਬਦਲ ਕੇ ਠੀਕ ਕੀਤਾ ਗਿਆ ਹੈ ਜਿਸ ਵਿੱਚ ਖ਼ਾਸ ਤੌਰ ਤੇ ਸੀਵਰੇਜ ਪਾਇਪ ਲਾਈਨ ਨੂੰ ਪੱਕੀ ਤਰ੍ਹਾਂ ਮੈਨਹੋਲ ਬਣਾ ਕੇ ਚਾਲੂ ਕੀਤਾ ਗਿਆ ਹੈ।

ਹੁਣ ਤੱਕ ਸਾਰੀਆਂ ਫ਼ਾਊਡੇਸ਼ਨਾਂ (16 ਵੱਡੀਆਂ ਅਤੇ 3 ਛੋਟੀਆਂ) ਦਾ ਕੰਨਕਰੀਟ ਮੁਕੰਮਲ ਹੋ ਚੁੱਕੀ ਹੈ ਅਤੇ ਪਿਲਰ() ਦਾ ਸਰੀਆ ਅਤੇ ਉਸਾਰੀ ਚੱਲ ਰਹੀ ਹੈ। ਉਮੀਦ ਕੀਤੀ ਜਾ ਰਹੀ ਹੈ ਕਿ 20.02.2024 ਤੱਕ ਪਹਿਲੀ ਮੰਜ਼ਿਲ ਦੀ ਛੱਤ ਮੁਕੰਮਲ ਹੋ ਜਾਵੇਗੀ। ਅਗਲੇਰੀਆਂ ਮੰਜ਼ਿਲਾਂ ਹੋਰ ਛੇਤੀ ਸਮੇਂ ਵਿੱਚ ਹੋਣ ਦੀ ਆਸ ਹੈ ।

ਪ੍ਰਧਾਨ ਜੀ ਵਲੋਂ ਸਮੂਹ ਮੈਂਬਰਾਂ ਅਤੇ ਹੋਰ ਦਾਨੀ ਸੱਜਣਾਂ ਨੂੰ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ ਕਿ ਇਸ ਸਾਂਝੇ ਉਸਾਰੀ ਕਾਰਜ ਜੋ ਕਿ ਸੰਸਥਾ ਦੇ ਹਿੱਤ ਵਿੱਚ ਹੈ, ਲਈ ਯਥਾ-ਸ਼ਕਤੀ ਅਤੇ ਸਵੈ-ਇੱਛਾ ਨਾਲ ਤਨ, ਮਨ ਅਤੇ ਧਨ ਨਾਲ ਆਪਣੀ-ਆਪਣੀ ਬਣਦੀ ਸੇਵਾ ਦਿਲ ਖੋਲ੍ਹ ਕੇ ਭੇਜਣ ਦੀ ਕ੍ਰਿਪਾਲਤਾ ਕਰਨ ਜੀ ।

ਦਾਨ ਦੀ ਰਾਸ਼ੀ ਨਕਦ ਰਸੀਦ ਕਟਵਾ ਕੇ, ਚੈਕ, ਡਰਾਫ਼ਟ ਜਾਂ ਆਨਲਾਈਨ ਬੈਂਕ ਖਾਤੇ ਰਾਹੀ ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਡੇਸ਼ਨ (ਰਜਿ.), ਚੰਡੀਗੜ੍ਹ ਦੇ ਖਾਤੇ ਵਿੱਚ ਜਮ੍ਹਾ ਕਰਵਾਈ ਜਾ ਸਕਦੀ ਹੈ।

() ਬੈਂਕ ਦਾ ਨਾਮ ਅਤੇ ਪਤਾ – State Bank of India, Sector-30, Chandigarh.
() ਬੈਂਕ ਦਾ ਚਾਲੂ ਖਾਤਾ ਨੰਬਰ –3538 3682 122
() ਬੈਂਕ ਦਾ ਆਰ.ਟੀ.ਜੀ.ਐਸ./ ਆਈ.ਐਫ਼.ਐਸ.ਸੀ.ਨੰਬਰ(N.I.F.T/ IFSC Code)- SBIN0001443
() ਫ਼ਾਊਂਡੇਸ਼ਨ ਦਾ PAN ਨੰਬਰ –0026AAABB0026D
() ਫ਼ਾਊਂਡੇਸ਼ਨ ਦਾ GSTIN ਨੰਬਰ –040026104AAABB0026D1ZR




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:–73470–65188**

# ਜਿਤੁ ਕੋ ਲਾਇਆ ਤਿਤ ਹੀ ਲਗਾਨਾ॥ ਅੰਗ 914

ਜਿਸ ਕੰਮ ਵਿਚ ਪ੍ਰਮਾਤਮਾ ਨੇ ਕਿਸੇ ਨੂੰ ਲਾਇਆ ਹੈ, ਉਸੇ ਵਿਚ ਹੀ ਉਹ ਲੱਗਾ ਹੋਇਆ ਹੈ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਸੁਸ਼ੋਭਿਤ ਸ਼ਬਦ ਮਿਲਦਾ ਹੈ। ਸਿੱਖ ਇਤਿਹਾਸ ਵਿਚ ਇਕ ਸਚਿਆਰ ਮਨੁੱਖ ਦੀ ਉਦਾਹਰਣ ਮਿਲਦੀ ਹੈ ਕਿ ਕਿਵੇਂ ਭਾਈ ਘਨੱਈਆ ਜੀ ਨੇ 1686 ਈ. ਵਿਚ ਭੰਗਾਣੀ ਦੇ ਯੁੱਧ ਦੌਰਾਨ ਦਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਰਹਿਨੁਮਾਈ ਹੇਠ ਦੁਸ਼ਮਣਾਂ ਨੂੰ ਵੀ ਪਾਣੀ ਪਿਲਾਇਆ ਅਤੇ ਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਮਰਮ ਪੱਟੀ ਵੀ ਕੀਤੀ। ਬੇਸ਼ੱਕ 173 ਸਾਲ ਬਾਅਦ 1859 ਈ. ਵਿਚ Sir Hanery Dunant ਨੇ ਇਟਲੀ ਵਿਚ Sail Fornia ਵਿਚ Red Cross ਦੀ ਸ਼ੁਰੂਆਤ ਕੀਤੀ।

ਭਾਈ ਨੰਦ ਲਾਲ ਜੀ ਹਿੰਦੂ ਧਰਮ ਨੂੰ Belong ਕਰਦੇ ਸਨ ਪਰ ਜਦੋਂ ਔਰੰਗਜ਼ੇਬ ਦੇ ਰਾਜ ਭਾਗ ਵਿਚ ਇਕ ਦਿਨ ਕੁਰਾਨ ਦੀਆਂ ਕੁਝ ਆਇਤਾਂ ਦੇ ਅਰਥ ਕਰ ਰਹੇ ਸਨ ਤਾਂ ਉਹਨਾਂ ਦੀ ਆਵਾਜ਼ ਔਰੰਗਜ਼ੇਬ ਦੇ ਕੰਨੀਂ ਪਈ। ਔਰੰਗਜ਼ੇਬ ਨੇ ਹੁਕਮ ਦਿੱਤਾ ਕਿ ਹਿੰਦੂ ਧਰਮ ਵਿਚ ਇਤਨਾ ਲਾਇਕ ਵਿਅਕਤੀ ਨਹੀਂ ਹੋਣਾ ਚਾਹੀਦਾ। ਭਾਈ ਨੰਦ ਲਾਲ ਦੇ ਇਕ ਮਿੱਤਰ ਨੇ ਰਾਤ ਨੂੰ ਹੀ ਭਾਈ ਨੰਦ ਲਾਲ ਜੀ ਨੂੰ ਉਥੋਂ ਨਿਕਲਣ ਦੀ ਸਲਾਹ ਦਿੱਤੀ ਅਤੇ ਭਾਈ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਜੀ ਪਾਸ ਜਾਣ ਲਈ ਕਿਹਾ। ਭਾਈ ਸਾਹਿਬ ਜੀ ਨੇ ਗੁਰੂ ਪਾਸੋਂ ਸਭ ਕੁਝ ਪ੍ਰਾਪਤ ਕੀਤਾ।

ਭਾਈ ਲਹਿਣਾ ਜੀ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਪਾਸੋਂ ਉਹਨਾਂ ਦੇ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਕੇ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਆਏ ਜੋ ਗੁਰੂ ਸਾਹਿਬ ਜੀ ਦੇ ਬੇਟੇ ਨਹੀਂ ਕਰ ਸਕੇ।

ਮੋਤੀ ਮਹਿਰੇ ਨੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਨੂੰ ਦੁੱਧ ਪਿਲਾਇਆ ਅਤੇ ਟੋਡਰ ਮੱਲ ਜੀ ਨੇ ਉਹਨਾਂ ਦਾ ਸਸਕਾਰ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਹਾਸਿਲ ਕੀਤੀਆਂ। ਪਰ ਚੰਦੂ ਬ੍ਰਾਹਮਣ ਨੂੰ ਕੁਝ ਵੀ ਹਾਸਲ ਨਹੀਂ ਹੋਇਆ ਕਿਉਂਕਿ ਉਸ ਦੀ ਨੀਯਤ ਖੋਟੀ ਨਿਕਲੀ।

ਪ੍ਰਮਾਤਮਾ ਦੀ ਮਿਹਰ ਚਾਹੀਦੀ ਹੈ। ਗੁਰੂ ਸਾਹਿਬ ਦਾ ਫੁਰਮਾਣ ਹੈ –

**ਇਕ ਜਾਗੰਦੇ ਨਾ ਲਹੰਨਿ**

**ਇਕ ਸੁਤਿਆਂ ਦੇਇ ਉਠਾਲਿ ॥ਅੰਗ 83**

ਪ੍ਰਭੂ ਕਈ ਜਾਗਦੇ ਜੀਵਾਂ ਨੂੰ ਬਖਸ਼ਿਸ਼ਾਂ ਨਹੀਂ ਦਿੰਦਾ ਤੇ ਕਈ ਸੁੱਤਿਆਂ ਨੂੰ ਉਠਾ ਕੇ ਦਾਤਾਂ ਦੇ ਦਿੰਦਾ ਹੈ।

ਜਦੋਂ ਮਨੁੱਖ ਭਾਣੇ ਵਿਚ ਆ ਜਾਂਦਾ ਹੈ ਜਦੋਂ ਉਸ ਦੀ ਮਿਹਰ ਹੋ ਜਾਂਦੀ ਹੈ।

**ਉਲਾਹਨੋ**

**ਮੈ ਕਾਹੂ ਨ ਦੀਓ ॥ਅੰਗ 978**

ਭਾਵ ਤੇਰਾ ਕੀਤਾ ਹਰੇਕ ਕੰਮ ਮਿੱਠਾ ਹੈ, ਹੁਣ ਮੈਂ ਉਲਾਹਮਾ ਕਿਸੇ ਨੂੰ ਨਹੀਂ ਦਿੰਦਾ।

**ਜੋ ਤੁਧੁ ਭਾਵੈ ਸੋ ਭਲਾ**

**ਤੇਰੈ ਭਾਣੈ ਕਾਰਜ ਰਾਸਿ ॥(ਅੰਗ 431)**

ਜੋ ਤੈਨੂੰ ਚੰਗਾ ਲੱਗਦਾ ਹੈ, ਤੇਰੇ ਸੇਵਕ ਨੂੰ ਭੀ ਉਹੀ ਚੰਗਾ ਲੱਗਦਾ ਹੈ, ਰਜਾ ਵਿਚ ਤੁਰਿਆਂ ਸਾਰੇ ਕੰਮ ਸਿਰੇ ਚੜ੍ਹ ਜਾਂਦੇ ਹਨ।

ਪਰ ਮਾਇਆ ਦੇ ਮੋਹ ਵਿਚ ਗ੍ਰਸਿਆ ਇਨਸਾਨ ਕਾਬੂ ਆ ਜਾਂਦਾ।

**ਖਿਨ ਮਹਿ ਕਉੜੇ ਹੋਇ ਗਏ**

**ਜਿਤੜੇ ਮਾਇਆ ਭੋਗ ॥(ਅੰਗ 135)**

ਮਾਇਆ ਦੀਆਂ ਮੌਜਾਂ ਇਕ ਪਲ ਵਿਚ ਦੁਖਦਾਈ ਹੋ ਜਾਂਦੀਆਂ ਹਨ। ਸਮੱਸਿਆ ਸਿਰਫ਼ ਮਨ ਨੂੰ ਕਾਬੂ ਕਰਨ ਦੀ ਹੈ। ਲਿਖਤਾਂ ਅਤੇ ਪ੍ਰਚਾਰਕ ਮੰਨ ਦੀ ਤੁਲਨਾ ਪਿੱਪਲ ਦੀ ਚੋਟੀ ਦੇ ਪੱਤਿਆਂ ਨਾਲ ਕਰਦੇ ਹਨ ਕਿ ਉਹ ਹਰ ਸਮੇਂ ਹਿਲਦੇ ਰਹਿੰਦੇ ਹਨ, ਟਿਕਦੇ ਨਹੀਂ। ਦੂਜਾ ਕੱਛੂਕੁੰਮਾ ਅਪਣਾ ਸਿਰ ਇਕ ਜਗ੍ਹਾ ਨਹੀਂ ਟਿਕਾ ਸਕਦਾ ਉਸ ਦਾ ਸਿਰ ਅੰਦਰ ਬਾਹਰ ਹੁੰਦਾ ਰਹਿੰਦਾ ਹੈ। ਪਰ ਗੁਰੂ ਸਾਹਿਬ ਕਹਿੰਦੇ ਹਨ –

**ਜਿਨਿ ਜਿਨਿ ਸਾਮੁ ਧਿਆਇਆ**

**ਤਿਨਕੇ ਕਾਜ ਸਰੇ ॥(ਅੰਗ 136)**

ਜਿਸ-ਜਿਸ ਮਨੁੱਖ ਨੇ ਪ੍ਰਮਾਤਮਾ ਦਾ ਨਾਮ ਜਪਿਆ, ਉਸ ਦੇ ਸਾਰੇ ਕਾਰਜ ਸਫ਼ਲ ਹੋ ਗਏ।

**ਪ੍ਰਿੰ: ਪਰੀਤ ਮਹਿੰਦਰ ਪਾਲ ਸਿੰਘ (ਡਾ.)**

**(ਰਿਟਾਇਰਡ)**

**98148-98289**

# ਸਾਕਾ ਸ੍ਰੀ ਨਨਕਾਣਾ ਸਾਹਿਬ

**ਪਾਂਧੀ ਨਨਕਾਣਵੀ**



ਸਾਕਾ ਸ੍ਰੀ ਨਨਕਾਣਾ ਸਾਹਿਬ ਫਰਵਰੀ, ੧੯੨੧ ਈ. ਨੂੰ ਗੁਰਦੁਆਰਾ ਜਨਮ ਅਸਥਾਨ ਅੰਦਰ ਵਾਪਰਿਆ। ਭਾਈ ਲਛਮਣ ਸਿੰਘ 'ਧਾਰੋਵਾਲੀ' ਕੋਈ ਦੋ ਕੁ ਸੌ ਸਿੰਘਾਂ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਅੰਦਰ ਪੁੱਜਿਆ। ਇਸ ਦਾ ਮੁੱਖ ਕਾਰਨ ਗੁਰਦੁਆਰਾ ਜਨਮ ਅਸਥਾਨ ਨੂੰ ਬਦਮਾਸ਼ ਤੇ ਅਯਾਸ਼ ਮਹੰਤ ਦੇ ਕਬਜ਼ੇ 'ਚੋਂ ਛੁਡਵਾਉਣਾ ਅਤੇ ਗੁਰਦੁਆਰਾ ਸਾਹਿਬ ਪਵਿੱਤਰਤਾ ਨੂੰ ਬਹਾਲ ਕਰਨਾ ਸੀ। ਪਰੰਤੂ ਮਹੰਤ ਨਰਾਇਣ ਦਾਸ ਨੇ ਮਿਸਟਰ ਕਰੀ, (ਡੀ.ਸੀ.) ਅਤੇ ਮਿ. ਕਿੰਗ (ਕਮਿਸ਼ਨਰ ਲਾਹੌਰ ਡਿਵੀਜ਼ਨ) ਦੀ ਸ਼ਹਿ 'ਤੇ, ਜਨਮ-ਅਸਥਾਨ ਅੰਦਰ ਪੁੱਜੇ ਗੁਰਸਿੱਖਾਂ ਦਾ ਗੋਲੀਆਂ ਨਾਲ ਸਵਾਗਤ ਕੀਤਾ ਤੇ ਕੁਝ ਸਮੇਂ ਵਿਚ ਹੀ ਪਵਿੱਤਰ ਜਨਮ-ਅਸਥਾਨ ਦੀ ਧਰਤੀ ਨੂੰ ਕਰਬਲਾ ਦਾ ਮੈਦਾਨ ਬਣਾ ਕੇ ਰੱਖ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੀਨਾ ਵੀ ਗੋਲੀਆਂ ਨਾਲ ਛਲਣੀ-ਛਲਣੀ ਕੀਤਾ ਗਿਆ ਅਤੇ ਜਥੇ ਦੇ ਜਥੇਦਾਰ, ਭਾਈ ਲਛਮਣ ਸਿੰਘ ਨੂੰ, ਦਰਬਾਰ ਸਾਹਿਬ ਦੇ ਪਿਛਵਾੜੇ ਜੰਡ ਦੇ ਦਰਖ਼ਤ ਨਾਲ ਟੰਗ ਕੇ ਤੇ ਤੇਲ ਪਾ ਕੇ ਜਿਊਂਦਾ ਹੀ ਸਾੜ ਦਿੱਤਾ। ਮਹੰਤ ਨਰਾਇਣ ਦਾਸ ਦੇ ਜ਼ਰਖ਼ਰੀਦ ਬਦਮਾਸ਼ਾਂ ਤੇ ਪਠਾਣਾਂ ਨੇ ਨਿਹੱਥੇ ਅਤੇ 'ਅਰਦਾਸ' ਵਿਚ ਕੀਤੇ ਪ੍ਰਣ ਨਾਲ ਬੱਝੇ ਸੂਰਬੀਰ, ਤੇ ਨੌਜਵਾਨ ਸਿੰਘਾਂ ਦੇ ਜੀਅ-ਭਰ ਕੇ ਮੋਛੇ ਲਾਹੇ, ਤੇ ਵੱਡੇ ਵੱਡੇ ਭੱਠ ਬਾਲ ਕੇ, ਉਹਨਾਂ ਦੀਆਂ ਦੇਹਾਂ ਦੇ ਅੰਗਾਂ ਨੂੰ ਸਾੜ ਕੇ ਇਸ 'ਕਤਲੇ-ਆਮ' ਦਾ ਨਾਮੋ ਨਿਸ਼ਾਨ ਮਿਟਾਉਣ ਦੇ ਅਸਫਲ ਯਤਨ ਕੀਤੇ।

ਸਮੁੱਚੇ ਦੇਸ਼, ਵਿਸ਼ੇਸ਼ ਕਰਕੇ ਸਿੱਖ ਜਗਤ ਵਿਚ ਹਾ-ਹਾ ਕਾਰ ਮੱਚ ਗਈ ਤੇ ਕਈ ਹਜ਼ਾਰਾਂ ਸਿੱਖ ਸ੍ਰੀ ਨਨਕਾਣਾ ਸਾਹਿਬ ਪੁੱਜ ਗਏ। ਸਪੱਸ਼ਟ ਸੀ ਕਿ ਇਤਨਾ ਕਹਿਰ ਇਕੱਲਾ ਮਹੰਤ ਨਹੀਂ ਸੀ ਕਰ ਸਕਦਾ, ਇਸ ਵਿਚ ਅੰਗਰੇਜ਼ ਹਾਕਮਾਂ ਦੀ ਮਿਲੀ-ਭੁਗਤ ਕੰਮ ਕਰਦੀ ਸੀ। ਪਹਿਲਾਂ ਹਾਕਮਾਂ ਨੇ ਗੁਰਦੁਆਰਾ ਜਨਮ-ਅਸਥਾਨ ਫੌਜ ਦੇ ਹਵਾਲੇ ਕਰ ਦਿੱਤਾ। ਬਾਅਦ ਵਿਚ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਭਾਈ ਕਰਤਾਰ ਸਿੰਘ 'ਝੱਬਰ' ਦੇ ਲਲਕਾਰਨ ਉਪਰੰਤ ਸਿੱਖ-ਪੰਥ ਦੇ ਹਵਾਲੇ ਕਰ ਦਿੱਤੀਆਂ। ੨੦ ਫਰਵਰੀ ਦੀ ਰਾਤ ਨੂੰ ਹੀ ਸਿੱਖਾਂ ਵਰਗੀ ਸਿੱਧੜ ਕੌਮ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਆਪਣੇ ਚਹੇਤੇ ਮਹੰਤ, ਹਰੀ ਨਾਥ ਸਾਧ ਤੇ ੨੬ ਪਠਾਣਾਂ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਦੀ ਸੈਂਟਰਲ ਜੇਲ੍ਹ ਭਿਜਵਾ ਦਿੱਤਾ ਗਿਆ ਤਾਂ ਜੋ ਸਿੱਖ-ਹਿਰਦਿਆਂ ਨੂੰ ਸ਼ਾਂਤ ਕੀਤਾ ਜਾ ਸਕੇ। ਦੇਸ਼ ਭਰ ਦੇ ਪ੍ਰਮੁੱਖ ਹਿੰਦੂ ਤੇ ਮੁਸਲਮਾਨ ਆਗੂਆਂ ਅਤੇ ਅਖ਼ਬਾਰਾਂ ਨੇ ਇਕ ਆਵਾਜ਼ ਹੋ ਕੇ ਅੰਗਰੇਜ਼ ਰਾਜ ਦੇ ਬਖ਼ੀਏ ਉਧੇੜੇ ਅਤੇ ਮੰਗ ਕੀਤੀ ਕਿ ਮਹੰਤ ਨਰਾਇਣ ਦਾਸ ਅਤੇ ਉਸ ਦੇ ਜ਼ਰਖ਼ਰੀਦ ਗੁੰਡਿਆਂ ਤੋਂ ਇਲਾਵਾ, ਮਿ. ਕਰੀ (ਡੀ.ਸੀ.) ਅਤੇ ਮਿ. ਕਿੰਗ (ਕਮਿਸ਼ਨਰ) ਉੱਤੇ ਵੀ ਮੁਕੱਦਮਾ ਚਲਾਇਆ ਜਾਏ, ਜਿਨ੍ਹਾਂ ਦੀ ਉਤੇਜਨਾ ਉੱਤੇ ਇਤਨਾ ਵੱਡਾ 'ਸਾਕਾ' ਵਰਤਿਆ ਸੀ।

੩ ਮਾਰਚ, ੧੯੨੧ ਨੂੰ ਮਹਾਤਮਾ ਗਾਂਧੀ ਵੀ ਸ੍ਰੀ ਨਨਕਾਣਾ ਸਾਹਿਬ ਪਹੁੰਚੇ। ਉਹ ਰੇਲਵੇ ਸਟੇਸ਼ਨ ਤੋਂ ਪੈਦਲ ਹੀ ਸੰਗਤਾਂ ਨਾਲ ਗੁਰਦੁਆਰਾ ਜਨਮ-ਅਸਥਾਨ ਪਹੁੰਚੇ। ਗੁਰੂ ਬਾਬੇ ਦੇ ਪਵਿੱਤਰ ਦਰਬਾਰ ਅੱਗੇ ਸੀਸ ਝੁਕਾਇਆ ਅਤੇ ਫਿਰ ਸਮੁੱਚੀ ਪ੍ਰਕਰਮਾ ਦਾ ਜਾਇਜ਼ਾ ਲਿਆ। ਫਰਸ਼ 'ਤੇ ਖ਼ੂਨ ਦੇ ਨਿਸ਼ਾਨ 'ਜੰਡ' ਦਾ ਧੁਆਂਖਿਆ ਹੋਇਆ ਤਨਾ, ਦਰਬਾਰ ਸਾਹਿਬ ਦੇ ਟੁੱਟੇ ਭੱਜੇ ਕਿਵਾੜ। ਫਿਰ ਸਜੇ ਹੋਏ ਦੀਵਾਨ ਵਿਚ ਬੋਲਦਿਆਂ ਹੋਇਆਂ ਆਪ ਨੇ ਸਾਕੇ ਨੂੰ 'ਡਾਇਰਸ਼ਾਹੀ ਦੀ ਦੂਜੀ ਐਡੀਸ਼ਨ' ਕਰਾਰ ਦਿੱਤਾ। ਆਪ ਨੇ ਆਪਣੇ ਭਾਸ਼ਣ ਵਿਚ ਹਾਕਮਾਂ ਪਾਸੋਂ ਪੁੱਛ ਕੀਤੀ ਕਿ ਜਦੋਂ ਮਹੰਤ ਜੱਥੇ ਦੇ ਸਿੱਖਾਂ ਨੂੰ ਮਾਰ-ਮੁਕਾਉਣ ਦੀ ਇਤਨੀ ਵੱਡੀ ਤਿਆਰੀ ਕਰ ਰਿਹਾ ਸੀ, ਤਾਂ ਹਾਕਮਾਂ ਨੇ ਕਿਉਂ ਨਾ ਮਹੰਤ ਦੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ? ਆਪ ਨੇ ਸਪੱਸ਼ਟ ਕਿਹਾ ਕਿ ਇਤਨਾ ਵੱਡਾ ਕਰਮ ਇਕੱਲਾ ਮਹੰਤ ਨਹੀਂ ਸੀ ਵਰਤਾ ਸਕਦਾ। ਇਹ ਸਭ ਹਾਕਮਾਂ ਦੀ ਮਿਲੀ-ਭੁਗਤ ਦਾ ਨਤੀਜਾ ਸੀ। ਸਿੱਖ ਅਕਾਲੀ ਇਹ ਮੰਗ ਕਰਦ ਰਹੇ ਸਨ ਕਿ ਇਸ ਸੰਬੰਧ ਵਿਚ ਦੋ ਮੁਕੱਦਮੇ ਬਣਾਏ ਜਾਣ- ਇਕ ਮਹੰਤ ਅਤੇ ਉਸ ਦੇ ਕਰਿੰਦੇ ਕਾਤਲਾਂ ਦੇ ਬਰਖ਼ਿਲਾਫ, ਦੂਜਾ ਮਿ. ਕਰੀ ਅਤੇ ਮਿ. ਕਿੰਗ ਦੇ ਬਰਖ਼ਿਲਾਫ ਜਿਨ੍ਹਾਂ ਨੇ ਇਹ ਸਾਕਾ ਵਰਤਾਉਣ ਵਿਚ ਮਹੰਤ ਨਰਾਇਣ ਦਾਸ ਦੀ ਅੱਖਾਂ ਮੀਟ ਕੇ ਸਹਾਇਤਾ ਕੀਤੀ ਸੀ। ਇਸ ਰੌਲੇ-ਗੌਲੇ ਵਿਚ ਮਿ. ਕਰੀ ਨੂੰ ਤਾਂ ਛੁੱਟੀ ਦੇ ਦਿੱਤੀ ਗਈ। ਪਰੰਤੂ ਮਿ. ਕਿੰਗ ਨੂੰ ਅਦਾਲਤ ਦੇ ਕਟਿਹੜੇ ਵਿਚ

ਖੜ੍ਹਾ ਕਰਨ ਦੀ ਥਾਂ ਹਿੰਦ-ਸਰਕਾਰ ਵੱਲੋਂ, ਪੰਜਾਬ ਸਰਕਾਰ ਦਾ ਚੀਫ਼ ਸੈਕਟਰੀ ਨਿਯੁਕਤ ਕਰ ਦਿੱਤਾ ਗਿਆ, ਤਾਂ ਜੋ ਉਹ ਮਹੰਤ ਨਰਾਇਣ ਦਾਸ ਦੇ ਮੁਕੱਦਮੇ ਉੱਤੇ ਅਸਰ ਅੰਦਾਜ਼ ਹੋ ਸਕੇ। ਫਿਰ ਮਿ. ਕੰਗ ਨੇ ਉਹ ਸਮੁੱਚੀਆਂ ਲੂੰਬੜ -ਚਾਲਾਂ ਦਾ ਸਹਾਰਾ ਲਿਆ, ਜਿਸ ਰਾਹੀਂ ਮਹੰਤ ਨੂੰ ਫਾਂਸੀ ਦੇ ਫੰਧੇ ਤੋਂ ਬਚਾਇਆ ਜਾ ਸਕੇ। ਪੰਜਾਬ ਸਰਕਾਰ ਨੇ ਮਿ. ਡੇਵਿਡ ਪੈਟਰੀ, ਡੀ.ਆਈ.ਜੀ. (ਜਸੂਸੀ ਵਿਭਾਗ) ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਇਹ ਉਹੀ ਬਦਨਾਮ ਉੱਚ ਅਧਿਕਾਰੀ ਸੀ ਜਿਸ ਨੇ ਬਜ-ਬਜ ਘਾਟ, ਕਲਕੱਤੇ ਦੇ 'ਕਾਮਾ-ਗਾਟਾ ਮਾਰੂ ਜਹਾਜ਼ ਦੇ ਨਿਹੱਥੇ ਮੁਸਾਫਿਰਾਂ 'ਤੇ ਗੋਲੀ ਚਲਾਉਣ ਵਿਚ ਸਹਾਇਤਾ ਕੀਤੀ ਸੀ ਅਤੇ ੧੯੧੫ ਦੇ ਪਹਿਲੇ ਕ੍ਰਾਂਤੀਕਾਰੀ ਅੰਦੋਲਨ ਨੂੰ ਕੁਚਲਣ ਵਿਚ ਹਿੰਦ-ਸਰਕਾਰ ਦਾ ਸਹਾਇਕ ਬਣਿਆ। ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਦਾ ਇਕ ਨਵਾਂ ਦੌਰ ਚਲਾ ਦਿੱਤਾ ਤਾਂ ਜੋ ਮੌਕੇ ਦੇ ਗਵਾਹਾਂ ਦੇ ਬਿਆਨਾਂ ਨੂੰ ਆਪਣੇ ਹੱਕ ਵਿਚ ਕੀਤਾ ਜਾ ਸਕੇ, ਅਤੇ ਸਾਕੇ ਪਿੱਛੋਂ ਜੋ ਅਕਾਲੀਆਂ ਦੀ ਚੜ੍ਹ ਮੱਚੀ ਸੀ, ਉਸ ਤਾਕਤ ਨੂੰ ਤੋੜਿਆ ਜਾ ਸਕੇ। ਸਾਕੇ ਦੇ ਪੰਦਰਾਂ ਕੁ ਦਿਨਾਂ ਪਿੱਛੋਂ ਹੀ (੧੫ ਮਾਰਚ) ਅਕਾਲੀਆਂ ਨੂੰ ਇਹ ਇਨਸਾਫ ਦਿੱਤਾ ਗਿਆ ਕਿ ਉਲਟਾ ਉਹਨਾਂ ਦੇ ਹੀ ਆਗੂਆਂ ਨੂੰ ਫੜ ਫੜ ਕੇ ਜੇਹਲੀਂ ਸੁੱਟ ਦਿੱਤਾ ਗਿਆ। ਕੋਈ ੧੦੦ ਦੇ ਕਰੀਬ ਪ੍ਰਸਿੱਧ ਅਕਾਲੀ ਗ੍ਰਿਫ਼ਤਾਰ ਕਰ ਲਏ ਗਏ। ਭਾਈ ਕਰਤਾਰ ਸਿੰਘ 'ਝੱਬਰ' ਨੂੰ  ਸ੍ਰੀ ਨਨਕਾਣਾ ਸਾਹਿਬ ਤੇ ਗੁਰਦੁਆਰਾ 'ਕਿਆਰਾ ਸਾਹਿਬ' ਤੋਂ ਸਣੇ ਉਨ੍ਹਾਂ ਦੇ ਜੱਥੇ ਦੇ, ਗ੍ਰਿਫ਼ਤਾਰ ਕਰ ਲਿਆ ਗਿਆ। ਲਾਹੌਰ ਵਿਚ, ਸਪੈਸ਼ਲ ਤੇ ਐਡੀਸ਼ਨਲ ਜੱਜ, ਮਿ. ਜੇ. ਈ. ਕਿਊ ਦੀ ਅਦਾਲਤ ਵਿਚ ਫੜੇ ਗਏ ਅਕਾਲੀਆਂ ਵਿਰੁੱਧ ਡਾਕੇ ਮਾਰਨ, ਘਰ ਭੰਨਣ ਆਦਿ ਝੂਠੇ ਮੁਕੱਦਮੇ ਚਲਾਏ ਗਏ ਅਤੇ ਜਿਤਨੀ ਸਜ਼ਾ ਇਹ ਅਦਾਲਤ ਦੇ ਸਕਦੀ ਸੀ, ਦਿੱਤੀ। ਮਿਸਾਲ ਦੇ ਤੌਰ 'ਤੇ ਜਥੇਦਾਰ ਤੇਜਾ ਸਿੰਘ ਭੁੱਚਰ ਨੂੰ ੯ ਸਾਲ ਕੈਦ ਲਾਹੋਰ ਸਿੰਘ ਨੂੰ ੯ ਸਾਲ ਤੇ ਭਾਈ ਕਰਤਾਰ ਸਿੰਘ 'ਝੱਬਰ' ਨੂੰ ੧੮ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਇਹ ਸਜ਼ਾਵਾਂ ਸੁਣ ਕੇ ਫਿਰ ਸਮੁੱਚੇ ਪੰਥ ਵਿਚ ਹਾ-ਹਾ ਕਾਰ ਮੱਚ ਗਈ। ਪਰੰਤੂ ਕੁਝ ਸਮੇਂ ਪਿੱਛੋਂ ਹੀ ਭਾਈ ਕਰਤਾਰ ਸਿੰਘ 'ਝੱਬਰ' ਆਦਿ ਆਗੂ ਸਰਕਾਰ ਦੀਆਂ ਸ਼ਰਤਾਂ 'ਤੇ ਰਿਹਾਅ ਹੋ ਕੇ ਆ ਗਏ। ਅਕਾਲੀ ਤਹਿਰੀਕ ਦੀ ਰੀੜ੍ਹ ਦੀ ਹੱਡੀ ਤੋੜਨ ਲਈ ਪੰਜਾਬ ਸਰਕਾਰ ਨੇ ਹਰ ਹੀਲਾ ਵਰਤਿਆ। ਉਹਨਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ  ਸਿੱਖਾਂ, ਵਿਸ਼ੇਸ਼ ਕਰਕੇ ਅਕਾਲੀਆਂ ਵਿਰੁੱਧ, ਆਪਣੀਆਂ ਪ੍ਰਾਪੇਗੰਡਾ ਏਜੰਸੀਆਂ ਰਾਹੀਂ ਭੜਕਾਉਣਾ ਚਾਹਿਆ, ਤਾਂ ਜੋ ਇਹ ਕੌਮਾਂ ਆਪਸ ਵਿਚ ਲੜ ਮਰਨ ਅਤੇ ਇਉਂ ਅਕਾਲੀ ਲਹਿਰ ਦੀ ਪਵਿੱਤਰਤਾ ਨੂੰ ਦਾਗ਼ਦਾਰ ਕੀਤਾ ਜਾ ਸਕੇ। ਪਰੰਤੂ, ਸ਼੍ਰੋ. ਕਮੇਟੀ ਦੇ ਪ੍ਰਾਪੇਗੰਡਾ ਕਮੇਟੀ ਦੇ ਇੰਚਾਰਜ ਤੇ ਪ੍ਰਸਿੱਧ ਨੀਤੀਵਾਨ, ਸ੍. ਸਰਦੂਲ ਸਿੰਘ 'ਕਵੀਸ਼ਰ' ਨੇ ਅੰਗਰੇਜ਼ ਸਰਕਾਰ ਦੇ ਇਸ ਨਵੇਂ ਪੈਂਤੜੇ ਨੂੰ ਨਾ-ਕਾਮ ਬਣਾ ਕੇ ਰੱਖ ਦਿੱਤਾ। ਉਹਨਾਂ ਨੇ ਹਿੰਦੂਆਂ ਅਤੇ ਮੁਸਲਮਾਨ ਆਗੂਆਂ ਅਤੇ ਅਖ਼ਬਾਰਾਂ ਦੇ ਐਡੀਟਰਾਂ ਨੂੰ ਖ਼ੁਦ ਸ੍ਰੀ ਨਨਕਾਣਾ ਸਾਹਿਬ ਜਾ ਕੇ ਪੁੱਛ-ਪੜਤਾਲ ਕਰਨ ਦਾ ਸੱਦਾ ਦਿੱਤਾ। ਇੰਝ ਪੁੱਛ-ਪੜਤਾਲ ਪਿੱਛੋਂ, ਸੱਯਦ ਹਬੀਬ, ਐਡੀਟਰ 'ਸਿਆਸਤ' ਨੇ ਕਿਹਾ - ਅਕਾਲੀ ਜੱਥਿਆਂ ਦੇ ਮੈਂਬਰ ਪਾਕ ਆਦਮੀ ਹਨ। ਉਹਨਾਂ ਦੀ ਪਿਛਲੀ ਜ਼ਿੰਦਗੀ ਕੁਝ ਵੀ ਹੋਏ, ਉਹ ਹੁਣ ਧਾਰਮਿਕ ਜਜ਼ਬੇ ਤੋਂ ਪੈਦਾ ਹੋਏ ਜੋਸ਼ ਨਾਲ ਉਤਸ਼ਾਹਤ ਹਨ।

੧੧ ਮਾਰਚ ਨੂੰ ਸ੍ਰੀ ਨਨਕਾਣਾ ਸਾਹਿਬ ਵਿਚ ਹਿੰਦੂਆਂ ਦੀ ਇਕ ਸਾਂਝੀ ਮੀਟਿੰਗ ਨੇ ਮਤਾ ਪਾਸ ਕੀਤਾ -"ਜਿਸ ਵਕਤ ਤੋਂ ਨਨਕਾਣੇ ਵਿਚ ਸਿੱਖ ਆਏ ਹਨ, ਉਹਨਾਂ ਦਾ ਹਿੰਦੂਆਂ, ਮੁਸਲਮਾਨਾਂ ਨਾਲ ਸਲੂਕ ਹਮਦਰਦੀ ਭਰਿਆ ਤੇ ਸ਼ਲਾਘਾ-ਯੋਗ ਹੈ। ਉਹ ਦੂਜਿਆਂ ਦੇ ਧਰਮਾਂ ਚਿ ਕੋਈ ਦਖ਼ਲ ਨਹੀਂ ਦੇਂਦੇ। ਅਸੀਂ ਦੁਸ਼ਮਣ ਵੱਲੋਂ ਫੈਲਾਈਆਂ ਕੂੜੀਆਂ ਅਫਵਾਹਾਂ ਦੀ ਪੁਰਜ਼ੋਰ ਤਰਦੀਦ ਕਰਦੇ ਹਾਂ।"

ਅਤੇ ਹੰਸ ਰਾਜ (ਬੈਰਿਸਟਰ, ਜਲੰਧਰ) ਨੇ ਕਿਹਾ ਕਿ ਅਸੀਂ ਉਸ ਬੰਧੇਜ ਤੇ ਸ਼ਾਂਤੀ ਦੀ ਜਿਹੜੀ ਖ਼ਾਲਸੇ ਨੇ ਦਿਖਾਈ, ਤਾਰੀਫ ਕਰਨ ਲਈ ਮਜ਼ਬੂਰ ਹੋਏ ਆਂ।

ਪਰੰਤੂ ਇਸ ਮੁੱਦੇ 'ਤੇ ਅੰਗਰੇਜ਼ ਹਾਕਮਾਂ ਨੂੰ  ਮੂੰਹ ਦੀ ਖਾਣੀ ਪਈ। ਸ਼੍ਰੋਮਣੀ ਕਮੇਟੀ ਵਿਚ ਸ੍. ਸਰਦੂਲ ਸਿੰਘ 'ਕਵੀਸ਼ਰ' ਨੇ ਅੰਗਰੇਜ਼ੀ ਸਰਕਾਰ ਨਾਲ ਨਾ ਮਿਲਵਰਤਣ ਦਾ ਮਤਾ, ੧੧ ਮਈ, ੧੯੨੧ ਨੂੰ ਪੇਸ਼ ਕੀਤਾ, ਜਿਸ 'ਤੇ ਚੀਫ ਖਾਲਸਾ ਦੀਵਾਨ ਨਾਲ ਸੰਬੰਧਿਤ ਕਮੇਟੀ ਦੇ ਪ੍ਰਧਾਨ. ਸ੍. ਹਰਬੰਸ ਸਿੰਘ 'ਅਟਾਰੀ' ਅਤੇ ਪ੍ਰੋ. ਜੋਧ ਸਿੰਘ ਆਦਿ ਅਸਤੀਫੇ ਦੇ ਗਏ ਅਤੇ ਮਤਾ ਪਾਸ ਹੋ ਗਿਆ। ਇਹ ਲੋਕ ਅੰਗਰੇਜ਼ ਹਾਕਮਾਂ ਨਾਲ ਵਿਗਾੜ ਪੈਦਾ ਕਰਨ ਦੇ ਹੱਕ ਵਿਚ ਨਹੀਂ ਸਨ ਅਤੇ ਹਾਕਮਾਂ ਨਾਲ ਮਿਲਵਰਤਨ ਕਰ ਕੇ ਸਿੱਖ ਕੌਮ ਲਈ ਰਿਆਇਤਾਂ ਲੈਣੀਆਂ ਚਾਹੁੰਦੇ ਸਨ। ਇਹਨਾਂ ਉਪਰੋਕਤ ਹਾਲਤਾਂ ਵਿਚ ਹੇਠਲੀ ਅਦਾਲਤ ਨੇ ਮਹੰਤ ਨਰਾਇਣ ਦਾਸ, ਹਰੀ ਨਾਥ ਜੋਗੀ, ਮਹੰਤ ਰਿਹਾਣਾ ਆਦਿ ਨੂੰ ਮੌਤ ਦੀ ਸਜ਼ਾ ਸੁਣਾਈ। ਪੰਰੁਤ ਮਹੰਤ ਨਰਾਇਣ ਦਾਸ ਨੇ ਆਪਣਏ ਕੇਸ ਦੀ ਪੈਰਵੀ ਲਈ, ਹਾਈ ਕੋਰਟ ਵਿਚ ਅਪੀਲ ਦਾਇਰ ਕਰ ਦਿੱਤੀ ਅਤੇ ਹੱਸਨ ਇਮਾਮਾ ਨਾਂ ਦੇ ਵਕੀਲ ਨੂੰ ਪੈਰਵੀ ਲਈ 'ਪਟਨੇ' ਤੋਂ ਬੁਲਾਇਆ। ਵਕੀਲ ਨੇ ਅਦਾਲਤ ਦੇ ਰੂ-ਬ-ਰੂ ਮਹੰਤ ਅਤੇ ਉਸ ਦੇ ਚਾਟੜਿਆਂ ਨੂੰ ਬਚਾਉਣ ਲਈ ਇਸ ਪ੍ਰਕਾਰ ਦੀਆਂ ਦਲੀਲਾਂ ਦਿੱਤੀਆਂ, ਜਿਨ੍ਹਾਂ ਨੂੰ ਪੜ੍ਹ ਸੁਣ ਕੇ ਇਨਸਾਨੀਅਤ ਦਾ ਸਿਰ ਮਾਰੇ ਸ਼ਰਮ ਦੇ ਝੁਕ ਜਾਂਦਾ ਹੈ। ਆਪ ਨੇ ਆਖਿਆ - "ਸਰਕਾਰ ਵੱਲੋਂ ਰੱਖਿਆ ਨਾ ਮਿਲ ਸਕਣ ਕਾਰਨ ਮਹੰਤ ਨੂੰ ਹੱਕ ਪਹੁੰਚਦਾ ਸੀ ਕਿ ਉਹ ਆਪਣੀ ਹਿਫਾਜ਼ਤ ਲਈ ਕਦਮ ਉਠਾਵੇ,  ਪਠਾਣਾਂ ਨੂੰ ਪਹਿਰੇਦਾਰ ਰੱਖੇ ਅਤੇ 'ਰਾਂਝੇ' ਅਤੇ 'ਰਿਹਾਣੇ' ਵਰਗੇ ਚੰਗੇ ਲੜਾਕੂ ਬਾਹਰੋਂ ਲਿਆਵੇ।

ਉਹ (ਨਰਾਇਣ ਦਾਸ ਮਹੰਤ) ਬਿਲਾ-ਸ਼ੱਕ ਨਿਰਾਸ਼ਤਾ ਅਤੇ ਮਜ਼ਲੂਮੀਅਤ ਦੇ ਡੂੰਘੇ ਅਹਿਸਾਸਾਂ ਦਾ ਸ਼ਿਕਾਰ ਹੋ ਗਿਆ ਸੀ ਅਤੇ ਇਹ ਹੈਰਾਨੀ ਦੀ ਗੱਲ ਨਹੀਂ ਕਿ ਉਸ ਦਾ ਦਿਮਾਗੀ ਸੰਤੁਲਨ ਜਾਂਦਾ ਰਿਹਾ ਅਤੇ ਉਸ ਨੇ ਇਹੋ ਜਿਹਾ ਕਾਰਾ ਕੀਤਾ।"

ਇਹਨਾਂ ਦਲੀਲਾਂ ਦੀ ਬਿਨਾ 'ਤੇ ਅੰਤ ਜੱਜ ਸਾਹਿਬਾਨ ਨੇ ਮਹੰਤ ਨਰਾਇਣ ਦਾਸ ਦੀ ਫਾਂਸ਼ੀ ਦੀ ਸਜ਼ਾ, ਉਮਰ ਕੈਦ ਵਿਚ ਬਦਲ ਦਿੱਤੀ, ਅਤੇ ਮਹੰਤ ਦੇ ਸਹਿਯੋਗੀ ਮੁਲਾਜ਼ਮਾਂ ਜਿਹਾ ਕਿ ਰਾਂਝਾ, ਰਿਹਾਣਾ ਅਤੇ ਹਰੀ ਨਾਥ (ਜੋਗੀ) ਦੀ ਸਜ਼ਾ ਫਾਂਸੀ ਬਰ-ਕਰਾਰ ਰੱਖੀ। ਜੱਜ ਸਾਹਿਬਾਨ ਨੇ ਦੋ ਪਠਾਣਾਂ  ਦੀ ਉਮਰ ਕੈਦ ਦੀ  ਸਜ਼ਾ ਬਹਾਲ ਰੱਖਦਿਆਂ ਹੋਇਆਂ ਬਾਕੀ ਸਮੂਹ ਦੋਸ਼ੀਆਂ ਨੂੰ ਬਰੀ ਕਰ ਦਿੱਤਾ। ਪਰੰਤੂ ਰੱਖਿਆ ਨਾ ਦੇਣ ਵਾਲੇ ਹਾਕਮਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ?

# ਹਮ ਨਹੀਂ ਚੰਗੇ

ਭਾਰਤ ਦੇਸ਼ ਪ੍ਰਾਚੀਨ ਸਭਿਅਤਾ ਦਾ ਮਾਲਕ ਹੈ, ਜਿਥੇ ਸੱਚ ਦੀ ਸੱਭ ਤੋਂ ਵੱਧ ਮਹਿਮਾ ਗਾਈ ਗਈ ਹੈ, ਸੱਚ ਨੂੰ ਰੱਬ ਦਾ ਰੂਪ ਮੰਨਿਆ ਗਿਆ ਹੈ ਅਤੇ ਇਹ ਵੀ ਮੰਨਿਆ ਜਾਂਦਾ ਹੈ ਕਿ ਸੱਚ ਦੀ ਹਮੇਸ਼ਾ ਜਿੱਤ ਹੁੰਦੀ ਹੈ। ਜਪੁਜੀ ਸਾਹਿਬ ਵਿਚ ਮੂਲ ਮੰਤਰ ਉਪਰੰਤ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ

**"॥ਜਪੁ॥ਆਦਿ ਸਚੁ ਜੁਗਾਦਿ ਸਚੁ॥**
**ਹੈ ਭੀ ਸਚ ਨਾਨਕ ਹੋਸੀ ਭੀ ਸਚੁ॥੧॥"**

ਇਕ ਹੀ ਲਾਈਨ ਵਿਚ ਸੱਚ ਨੂੰ ਭੂਤ ਵਰਤਮਾਨ ਅਤੇ ਭਵਿੱਖ ਵਿਚ ਐਨੀ ਮਹੱਤਤਾ ਦਿੱਤੀ ਹੈ ਕਿ ਇਸ ਦੇ ਰਾਹੀਂ ਕੋਈ ਵੀ ਮਨੁੱਖ ਪਰਿਵਾਰ ਅਤੇ ਦੇਸ਼ ਅਧਾਰ ਬਣਾ ਕੇ ਤਰੱਕੀ ਪਾ ਸਕਦਾ ਹੈ। ਪਰ ਅਸਲੀਅਤ ਇਹ ਹੈ ਕਿ ਸਾਡੇ ਜੀਵਨ ਵਿਚੋਂ ਸੱਚ ਅਲੋਪ ਹੋ ਰਿਹਾ ਹੈ। ਇਹੋ ਹੀ ਕਾਰਨ ਹੈ ਕਿ ਕਿਸੇ ਸਮੇਂ ਸੋਨੇ ਦੀ ਚਿੜੀ ਕਹਿਲਾਉਣ ਵਾਲਾ ਦੇਸ਼ ਸੰਸਾਰ ਦੇ ਪਛੜੇ ਦੇਸ਼ਾਂ ਵਿਚ ਸ਼ਾਮਲ ਹੋ ਗਿਆ ਹੈ।

ਬੱਚੇ ਦੇਸ਼ ਦਾ ਭਵਿੱਖ ਹਨ। ਇਹਨਾਂ ਨੇ ਆਉਣ ਵਾਲੇ ਸਮੇਂ ਵਿਚ ਦੇਸ਼ ਦੀ ਵਾਂਗਡੋਰ ਸੰਭਾਲਣੀ ਹੈ। ਮੌਜੂਦਾ ਗਿਆਨ ਅਤੇ ਮੁਕਾਬਲੇ ਦੇ ਇਸ ਯੁਗ ਵਿਚ ਜੇਕਰ ਕਿਸੇ ਕੌਮ ਨੇ ਤਰੱਕੀ ਕਰਨੀ ਹੈ ਤਾਂ ਬੱਚਿਆਂ ਵਿਚ ਅਜਿਹੀ ਸਿੱਖਿਆ ਦੀ ਸਖ਼ਤ ਜ਼ਰੂਰਤ ਹੈ ਉਹ ਸੱਚੀ ਲਗਨ, ਮਿਹਨਤ ਅਤੇ ਇਮਾਨਦਾਰੀ ਨਾਲ ਸੱਚੇ ਸੁੱਚੇ ਕੰਮ ਕਰਨ ਤਾਂ ਨਾਲ ਕੇਵਲ ਕੌਮ ਹੀ ਤਰੱਕੀ ਕਰੇਗੀ ਬਲਕਿ ਦੇਸ਼ ਵੀ ਵਿਕਸਤ ਦੇਸ਼ਾਂ ਦੀ ਸੂਚੀ ਵਿਚ ਸ਼ਾਮਲ ਹੋ ਜਾਵੇਗਾ। ਇਸ ਲਈ ਸਾਨੂੰ ਆਪਣੇ ਆਪ ਨੂੰ ਘੋਖਣ ਦੀ ਜ਼ਰੂਰਤ ਹੈ। ਵੈਸੇ ਤਾਂ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦਾ ਦਰਜਾ ਦੇ ਕੇ ਸਮੁੱਚੀ ਸਿੱਖ ਕੌਮ ਨੂੰ 'ਸ਼ਬਦ ਗੁਰੂ' ਦੀ ਓਟ ਲੈ ਕੇ ਜੀਵਨ ਵਿਚ ਅਗਵਾਈ ਲੈਣ ਲਈ ਸਿੱਖਿਆ ਦਿੱਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੁਨੀਆਂ ਦੀ ਹਰ ਸਮੱਸਿਆ ਦਾ ਹੱਲ ਦਰਸਾਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 728 ਉੱਪਰ ਬਾਣੀ ਗੁਰੂ ਨਾਨਕ ਦੇਵ ਜੀ ਵਿਚ ਸੂਹੀ ਮਹਲਾ ੧ ਘਰ ੨ ਵਿਚ ਦਰਜ ਹੈ

**"ਹਮ ਨਹੀਂ ਚੰਗੇ ਬੁਰਾ ਨਹੀਂ ਕੋਇ।"**

ਬਸ ਇਸ ਸ਼ਬਦ ਨੂੰ ਅਧਾਰ ਬਣਾ ਕੇ ਲੁਬਾਣਾ ਸੇਵਕ ਮਾਸਿਕ ਪੱਤ੍ਰਿਕਾ ਵਿਚ ਸਮੁੱਚੀ ਮਨੁੱਖਤਾ ਮੌਜੂਦਾ ਸਮਾਜ ਵਿਚ ਆ ਰਹੇ ਨਿਘਾਰ ਦਾ ਵਿਸ਼ਲੇਸ਼ਣ ਕਰਕੇ ਹਰ ਇਕ ਮਸਲਿਆਂ ਨੂੰ ਸੁਲਝਾਉਣ ਲਈ ਵਿਚਾਰ-ਵਟਾਂਦਰਾ ਸ਼ੁਰੂ ਕਰ ਰਹੇ ਹਨ ਜਿਸ ਵਿਚ "ਹਮ ਨਹੀਂ ਚੰਗੇ" ਸਿਰਲੇਖ ਅਧੀਨ ਲੁਬਾਣਾ ਬਰਾਦਰੀ ਵਿਚ ਵਿਚਰ ਰਹੀਆਂ ਸਭ ਰਵਾਇਤਾਂ ਨੂੰ ਵਿਚਾਰਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਉਮੀਦ ਕੀਤੀ ਜਾਂਦੀ ਹੈ ਕਿ ਬਰਾਦਰੀ ਨਾਲ ਸਬੰਧਿਤ ਸਮੁੱਚਾ ਭਾਈਚਾਰਾ ਇਸ ਸੋਚ ਨੂੰ ਅਗਾਂਹ ਤੱਕ ਪਹੁੰਚਾਉਣ ਲਈ ਪੂਰਨ ਸਹਿਯੋਗ ਦੇਵੇਗਾ ਤਾਂ ਜੋ ਅਸੀਂ ਸਾਂਝੇ ਯਤਨਾਂ ਸਦਕਾ ਕੌਮ ਨੂੰ ਨਵੀਂ ਦਿਸ਼ਾ ਦੇਣ ਵਿਚ ਅਤੇ ਆ ਰਹੀਆਂ ਸਮੱਸਿਆਵਾਂ ਨਾਲ ਨਜਿੱਠਣ ਵਿਚ ਕਾਮਯਾਬ ਹੋ ਸਕੀਏ।

**ਨਰਿੰਦਰ ਸਿੰਘ**
**ਪੀ.ਈ.ਐਸ. (ਰਿਟਾ.)**
**ਮੋਹਾਲੀ**

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

**ਰਿਸਰਚ ਪੇਪਰ** : ਪੰਜਾਬ ਇੰਜੀਨੀਅਰਿੰਗ ਕਾਲਜ ਚੰਡੀਗੜ੍ਹ ਦੇ ਸੇਵਾ ਕਾਲ ਦੌਰਾਨ ਮੈਨੂੰ ਸ੍ਰੀ ਐਚ.ਆਰ. ਚੌਧਰੀ ਦੀ ਅਗਵਾਈ ਵਿੱਚ ਰੀਨਫੋਰਸਡ ਬਾਡੀਜ਼ ਵਿਸ਼ੇ ਤੇ ਰਿਸਰਚ ਕਰਨ ਦਾ ਅਵਸਰ ਵੀ ਪ੍ਰਾਪਤ ਹੋਇਆ ਅਤੇ ਮੇਰੇ ਤਿੰਨ ਰਿਸਰਚ ਪੇਪਰ ਵਿਸ਼ਵ ਪ੍ਰਸਿੱਧ ਜਰਨਲਾਂ ਵਿੱਚ ਕਰਮਵਾਰ ਸਤੰਬਰ, ਦਸੰਬਰ, 1966 ਅਤੇ ਮਾਰਚ, 1967 ਵਿੱਚ ਪਬਲਿਸ਼ ਹੋਏ ਜੋ ਮਾਣ ਵਾਲੀ ਗੱਲ ਹੈ।

**ਜਰਮਨ ਸਰਟੀਫਿਕੇਟ**: ਜੂਨ, 1969 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਜਰਮਨ ਸਰਟੀਫਿਕੇਟ ਇਮਤਿਹਾਨ ਫਸਟ ਡਵੀਜ਼ਨ ਵਿੱਚ ਪਾਸ ਕੀਤਾ ਅਤੇ ਯੂਨੀਵਰਸਿਟੀ ਵਿੱਚ ਟਾਪ ਕੀਤਾ।

**ਬੇਬੇ ਜੀ ਦਾ ਦਿਹਾਂਤ** : ਮੇਰੇ ਮਾਤਾ ਜੀ ਨੂੰ ਅਸੀਂ ਸਾਰੇ ਬੱਚੇ ਬੇਬੇ ਜੀ ਕਹਿ ਕੇ ਬੁਲਾਂਦੇ ਸਾਂ। ਉਹ ਇਕ ਹਰਿ ਲਿਹਾਜ਼ ਨਾਲ ਸੁੰਦਰ ਅਤੇ ਸੁਲਝੀ ਸ਼ਖਸੀਅਤ ਦੇ ਮਾਲਿਕ ਸਨ। ਇੱਕ ਸੱਚੇ ਕਰਮਯੋਗੀ ਸਨ। ਮੇਰੀ ਉੱਚ ਸਿੱਖਿਆ ਦੀ ਪ੍ਰਾਪਤੀ ਉਨ੍ਹਾਂ ਦੀ ਦੂਰ ਅੰਦੇਸ਼ ਅਤੇ ਉੱਚੀ ਸੋਚ ਦਾ ਫਲਸਰੂਪ ਸੀ। ਜੀਵਨ ਵਿੱਚ ਉਨ੍ਹਾਂ ਪਰਿਵਾਰ ਅਤੇ ਸਮਾਜ ਦੀ ਰਜ ਕੇ ਸੇਵਾ ਕੀਤੀ ਅਤੇ ਜੱਸ ਖੱਟਿਆ। ਪਰਿਵਾਰ ਵਿੱਚ ਵੱਡੀ ਨੂੰਹ ਹੋਣ ਕਰਕੇ ਛੋਟੇ ਭੈਣ-ਭਰਾਵਾਂ ਦੇ ਸਾਰੇ ਕਾਰਜ ਬੜੇ ਸੁਚੱਜੇ ਢੰਗ ਨਾਲ ਸਰ ਅੰਜਾਮ ਦਿੱਤੇ। ਦੇਸ ਦੀ ਵੰਡ ਦਾ ਸੰਤਾਪ ਤਕੜੇ ਜਿਗਰੇ ਨਾਲ ਹੰਡਾਇਆ। ਇਸ ਅਨਹੋਣੀ ਵੰਡ ਉਪ੍ਰੰਤ ਇਕ ਵਾਰੀ ਫਿਰ ਸਾਰੇ ਭਰਾਵਾਂ ਦੇ ਬੱਚਿਆਂ ਨੂੰ ਗਲੇ ਲਗਾਇਆ ਅਤੇ ਉਨ੍ਹਾਂ ਦੀ ਦੇਖ ਭਾਲ ਕੀਤੀ। ਕੁਝ ਸਮੇਂ ਤੋਂ ਬੇਬੇ ਜੀ ਦੀ ਸਿਹਤ ਠੀਕ ਨਹੀਂ ਸੀ ਰਹਿੰਦੀ। ਦਸੂਹੇ ਦੇ ਡਾਕਟਰਾਂ ਨੂੰ ਬੀਮਾਰੀ ਦਾ ਕੁਝ ਪਤਾ ਨਹੀਂ ਸੀ ਲੱਗ ਰਿਹਾ। ਬੇਬੇ ਜੀ ਨੂੰ ਚੰਡੀਗੜ੍ਹ ਆਪਣੇ ਕੋਲ ਲੈ ਆਂਦਾ। ਏਥੇ ਪੀ.ਜੀ.ਆਈ. ਵਿੱਚ ਦਿਖਾਇਆ। ਡਾਕਟਰਾਂ ਨੇ ਰੈਡ ਬਲੱਡ ਸੈੱਲ ਦੇ ਜ਼ਿਆਦਾ ਵਾਧੇ ਤੋਂ ਪੀੜਤ ਦੱਸਿਆ। ਲਗਭਗ ਤਿੰਨ ਮਹੀਨੇ ਦੇ ਇਲਾਜ ਨਾਲ ਵੀ ਕੋਈ ਫਰਕ ਨਾ ਪਇਆ। ਫਿਰ ਉਨ੍ਹਾਂ ਦੇ ਕਹਿਣ ਤੇ ਦਵਾਈ ਨਾਲ ਲੈ ਕੇ ਪਿੰਡ ਛੱਡ ਆਏ। ਖਾਣਾ ਪੀਣਾ ਘੱਟਦਾ ਗਿਆ। ਕਮਜ਼ੋਰੀ ਦਿਨ ਪ੍ਰਤੀ ਦਿਨ ਵੱਧਦੀ ਗਈ। 11 ਸਤੰਬਰ, 1966 ਨੂੰ ਭਾਣਾ ਵਰਤ ਗਿਆ ਅਤੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਇੱਕ ਰੱਬ ਦਾ ਰੂਪ ਮਾਂ ਦਾ ਸਾਇਆ ਸਾਡੇ ਸਿਰ ਤੋਂ ਉਠ ਗਿਆ।

**ਕਰਮ-ਦਵਿੰਦਰ ਕਾਰਜ** : ਆਪਣੇ ਸਭ ਤੋਂ ਛੋਟੇ ਭਰਾ ਕਰਮ ਸਿੰਘ ਨੂੰ ਬੱਚਿਆਂ ਵਾਂਗ ਪਾਲਿਆ। ਮੈਟਰਿਕ ਦਾ ਇਮਤਿਹਾਨ ਪਾਸ ਕਰਨ ਤੋਂ ਬਾਅਦ ਗੌਰਮਿੰਟ ਪਾਲੀਟੈਕਨਿਕ ਨੀਲੋਖੇੜੀ ਵਿਖੇ ਦਾਖਲ ਕਰਵਾ ਦਿੱਤਾ। ਏਥੇ ਉਸ ਨੂੰ ਇਲੈਕਟਰੀਕਲ ਬ੍ਰਾਂਚ ਮਿਲ ਗਈ। ਤਿੰਨ ਸਾਲਾਂ ਵਿੱਚ ਉਸ ਨੇ ਡਿਪਲੋਮਾ ਇਨ ਇਲੈਕਟਰੀਕਲ ਇੰਜੀਨੀਅਰਿੰਗ ਦਾ ਇਮਤਿਹਾਨ ਪਾਸ ਕਰ ਲਿਆ। ਡਿਪਲੋਮਾ ਪ੍ਰਾਪਤ ਕਰਦੇ ਹੀ ਉਸ ਨੂੰ ਬਿਜਲੀ ਬੋਰਡ ਵਿੱਚ ਜੇ.ਈ. ਦੀ ਜਾਬ ਮਿਲ ਗਈ। ਇਸ ਦੌਰਾਨ ਉਹ ਸਾਡੇ ਕੋਲ 22 ਸੈਕਟਰ ਦੇ ਘਰ ਵਿਖੇ ਆਇਆ ਕਰਦਾ ਸੀ। ਏਥੇ ਉਹ ਮਕਾਨ ਮਾਲਿਕ ਸ. ਸੁਰਿੰਦਰ ਸਿੰਘ ਅਤੇ ਉਸ ਦੇ ਪਰਿਵਾਰ ਨੂੰ ਵੀ ਮਿਲਿਆ ਕਰਦਾ ਸੀ। ਜੋ ਉਸ ਬਾਬਤ ਸਾਰਾ ਕੁਝ ਜਾਣਦੇ ਸਨ। ਉਨ੍ਹਾਂ ਦੀ ਵੱਡੀ ਬੇਟੀ ਦਵਿੰਦਰ ਕੌਰ ਜੋ ਸੈਕਟਰ 11 ਦੇ ਕਾਲਜ ਵਿੱਚ ਪੜ੍ਹਦੀ ਸੀ ਅਤੇ ਕਰਮ ਵੀ ਇਕ ਦੂਜੇ ਨੂੰ ਮਿਲਦੇ ਰਹਿੰਦੇ। ਸਰਕਾਰੀ ਘਰ ਅਲਾਟ ਹੋਣ ਤੇ ਅਸੀਂ ਸੈਕਟਰ 11 ਵਿੱਚ ਸ਼ਿਫਟ ਕਰ ਗਏ। ਕੁਝ ਸਮਾਂ ਪਾ ਕੇ ਸ. ਸੁਰਿੰਦਰ ਸਿੰਘ ਅਤੇ ਸ. ਪ੍ਰੀਤਮ ਸਿੰਘ ਮੁਲਤਾਨੀ ਸੈਕਟਰ 11 ਵਿਚ ਸਾਡੇ ਘਰ ਆਏ ਅਤੇ ਦਵਿੰਦਰ ਦਾ ਰਿਸ਼ਤਾ ਕਰਮ ਨਾਲ ਕਰਨ ਦੀ ਪੇਸ਼ਕਸ਼ ਕੀਤੀ। ਪਿੰਡ ਵਾਲਿਆਂ ਨਾਲ ਸਲਾਹ ਕਰਕੇ ਅਸੀਂ ਵੀ ਹਾਂ ਕਹਿ ਦਿੱਤੀ। ਉਹ ਘਰ ਆ ਕੇ ਮੁੰਡੇ ਦੀ ਝੋਲੀ ਸ਼ਗਨ ਪਾ ਗਏ। ਕੁਝ ਮਹੀਨਿਆਂ ਬਾਅਦ ਵਿਆਹ ਬਾਰੇ ਪੁੱਛਣ ਤੇ ਪਤਾ ਲੱਗਾ ਕਿ ਕੁੜੀ ਦੀ ਮਾਂ ਨੂੰ ਇਹ ਰਿਸ਼ਤਾ ਪਸੰਦ ਨਹੀਂ ਸੀ ਅਤੇ ਉਹ ਕੁਝ ਹੋਰ ਸੋਚ ਰਹੀ ਸੀ। ਕੁੜੀ ਮੁੰਡੇ ਨੂੰ ਇਹ ਗੱਲ ਬਹੁਤ ਬੁਰੀ ਲੱਗੀ ਅਤੇ ਉਨ੍ਹਾਂ ਉਮਰ ਭਰ ਇਕੱਠੇ ਜੀਵਨ ਬਤੀਤ ਕਰਨ ਦਾ ਫੈਸਲਾ ਕਰ ਲਿਆ। ਦੋਵਾਂ ਨੇ ਜਲਦੀ ਹੀ ਸ਼ਾਦੀ ਕਰ ਲਈ। ਦੋ ਤਿੰਨ ਸਪਤਾਹਿ ਦੇ ਹਨੀਮੂਨ ਮਗਰੋਂ ਚੰਡੀਗੜ੍ਹ ਪਹੁੰਚ ਗਏ। ਏਥੇ ਪ੍ਰੀਤਮ ਸਿੰਘ ਮੁਲਤਾਨੀ ਦੀ ਭਰੋਸੇਯੋਗ ਭੂਮਿਕਾ ਸਦਕਾ ਸਮੱਸਿਆ ਦਾ ਕੋਈ ਨਾ-ਖੁਸ਼-ਗਵਾਰ ਰੂਪ ਅਖਤਿਆਰ ਕਰਨ ਤੋਂ ਬਚਾ ਹੋ ਗਿਆ। ਹੌਲੀ-ਹੌਲੀ ਉਨ੍ਹਾਂ ਦੇ ਪਰਿਵਾਰ ਵਿੱਚ ਵਾਧਾ ਹੁੰਦਾ ਗਿਆ ਅਤੇ ਉਹ ਦੋ ਬੇਟੀਆਂ ਅਤੇ ਇਕ ਬੇਟੇ ਦੇ ਖੁਸ਼ਕਿਸਮਤ ਮਾਤਾ ਪਿਤਾ ਅਖਵਾਉਣ ਲੱਗ ਪਏ। ਕਰਮ ਦਾ ਦਿਲ ਛਾਤੀ ਵਿੱਚ ਖੱਬੇ ਪਾਸੇ ਦੀ ਬਜਾਏ ਸੱਜੇ ਪਾਸੇ ਸੀ। ਕਦੇ ਕਦੇ ਸਾਹ ਦੀ ਤਕਲੀਫ ਹੋ ਜਾਂਦੀ ਸੀ। ਇਹ ਤਕਲੀਫ ਵੱਧਦੀ ਗਈ ਅਤੇ ਏਸੇ ਨਾਲ ਜਵਾਨੀ ਵਿੱਚ ਹੀ ਰੱਬ ਨੂੰ ਪਿਆਰੇ ਹੋ ਗਏ। ਦਵਿੰਦਰ ਨੂੰ ਉਹਦੀ ਥਾਂ ਜਾਬ ਅਤੇ ਫੈਮਲੀ ਪੈਨਸ਼ਨ ਲੱਗ ਗਈ।

**ਜਗਤਾਰ ਸਿੰਘ ਦਾ ਪੰਜਾਬ ਇੰਜੀਨੀਅਰਿੰਗ ਕਾਲਜ ਵਿੱਚ ਦਾਖਲਾ** : ਚੰਡੀਗੜ੍ਹ ਆਉਣ ਤੇ ਜਗਤਾਰ ਸਿੰਘ ਨੂੰ ਸੈਕਟਰ 8 ਦੇ ਡੀ.ਏ.ਵੀ ਸਕੂਲ ਵਿੱਚ ਦਾਖਲ ਕਰਵਾਇਆ ਸੀ। ਜਿਥੋਂ ਉਸ ਨੇ ਸੀ.ਬੀ.ਐਸ.ਈ. ਹਾਇਰ ਸੈਕੰਡਰੀ ਇਮਤਿਹਾਨ ਮਾਰਚ, 1966 ਵਿੱਚ ਫਸਟ ਡਵੀਜਨ ਵਿੱਚ 71% ਅੰਕ ਲੈ ਕੇ ਪਾਸ ਕਰ ਲਿਆ। ਅਗਲੇ ਸਾਲ ਅਪ੍ਰੈਲ, 1967 ਵਿੱਚ ਡੀ.ਏ.ਵੀ. ਕਾਲਜ ਸੈਕਟਰ 10 ਤੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰੀ-ਇੰਜੀਨੀਅਰਿੰਗ ਇਮਤਿਹਾਨ ਵਿੱਚ ਫਸਟ ਡਵੀਜ਼ਨ ਅਤੇ 69% ਅੰਕ ਲੈ ਕੇ ਸਫਲਤਾ ਪ੍ਰਾਪਤ ਕੀਤੀ। ਇਨ੍ਹਾਂ ਅੰਕਾਂ ਦੇ ਆਧਾਰ 'ਤੇ ਹੀ ਉਸ ਨੂੰ ਪੰਜਾਬ ਇੰਜੀਨੀਅਰਿੰਗ ਕਾਲਜ ਚੰਡੀਗੜ੍ਹ ਵਿਖੇ ਪ੍ਰੋਡਕਸ਼ਨ ਇੰਜੀਨੀਅਰਿੰਗ ਡਿਗਰੀ ਕਰਨ ਲਈ ਦਾਖਲਾ ਮਿਲ ਗਿਆ। ਉਨ੍ਹਾਂ ਦਿਨਾਂ ਵਿੱਚ ਕੋਈ ਹੋਰ ਮੁਕਾਬਲਾ ਟੈਸਟ ਨਹੀਂ ਸੀ ਹੋਇਆ ਕਰਦਾ। ਸਾਰੇ ਬੜੇ ਖੁਸ਼ ਹੋਏ ਅਤੇ ਪ੍ਰਮਾਤਮਾ ਦਾ ਧੰਨਵਾਦ

ਕੀਤਾ ਕਿ ਪਰਿਵਾਰ ਦੀ ਇਹ ਖਾਹਿਸ਼ ਪੂਰੀ ਹੋਈ ਜਿਸ ਕਰਕੇ ਅਸੀਂ ਚੰਡੀਗੜ੍ਹ ਆਉਣ ਦਾ ਫੈਸਲਾ ਲਿਆ ਸੀ। ਪ੍ਰੋਡਕਸ਼ਨ ਇੰਜੀਨੀਅਰਿੰਗ ਡਿਗਰੀ ਦਾ ਨਵਾਂ ਕੋਰਸ ਏਸੇ ਸਾਲ ਚਾਲੂ ਹੋਇਆ ਸੀ ਜਿਸ ਵਿੱਚ ਮਕੈਨੀਕਲ ਤੋਂ ਜ਼ਿਆਦਾ ਪ੍ਰੈਕਟੀਕਲ ਆਦਿ ਕਰਵਾਏ ਜਾਂਦੇ ਸੀ। ਜਿਸ ਦੀ ਫੈਕਟਰੀਆਂ ਵਿੱਚ ਬੜੀ ਲੋੜ ਸੀ। ਕਾਕਾ ਲੱਕੀ ਸੀ ਕਿ ਘਰੋਂ ਜਾ ਕੇ ਉਹ ਇਹ ਡਿਗਰੀ ਕਰੇਗਾ। ਕਾਲਜ ਵੀ ਨਾਲਦੇ ਸੈਕਟਰ 12 ਵਿੱਚ ਸੀ। ਉਹਦੇ ਪਾਪਾ ਵੀ ਉਸੇ ਕਾਲਜ ਵਿੱਚ ਪੜ੍ਹਾਉਂਦੇ ਸਨ। ਉਸ ਦਾ ਕਾਲਜ ਪੜ੍ਹਾਈ ਵਿੱਚ ਦਿਲ ਲੱਗ ਗਿਆ ਅਤੇ ਪਹਿਲੇ ਸਾਲ ਦੇ ਪਹਿਲੇ ਹਾਊਸ ਟੈਸਟ ਵਿੱਚ ਚੰਗੇ ਅੰਕ ਪ੍ਰਾਪਤ ਕਰਨ ਤੇ ਉਸ ਦਾ ਕਾਲਜ ਵਲੋਂ ਮੈਰਿਟ ਸਕਾਲਰਸ਼ਿਪ ਲੱਗ ਗਿਆ ਜੋ ਉਸ ਨੂੰ ਚਾਰ ਸਾਲ ਸਾਰੀ ਇੰਜੀਨੀਅਰਿੰਗ ਪੜ੍ਹਾਈ ਦੌਰਾਨ ਮਿਲਦਾ ਰਿਹਾ। 1971 ਵਿੱਚ ਉਸ ਨੇ ਬੀ.ਐਸ.ਸੀ. (ਇੰਜ.) ਪ੍ਰੋਡਕਸ਼ਨ ਦੀ ਡਿਗਰੀ ਫਸਟ ਡਵੀਜ਼ਨ ਵਿੱਚ ਪ੍ਰਾਪਤ ਕਰ ਲਈ। ਗੁਰੂ ਮਹਾਰਾਜ ਦੀ ਕਿਰਪਾ ਸਦਕਾ ਉਸ ਨੂੰ ਸਰਵਿਸ ਵੀ ਪੰਜਾਬ ਐਗਰੋ ਇੰਡਸਟਰੀਅਲ ਕਾਰਪੋਰੇਸ਼ਨ, ਚੰਡੀਗੜ੍ਹ ਵਿਖੇ ਹੀ ਮਿਲ ਗਈ।

**ਜਲਦ-ਬਾਜ਼ੀ ਵਿੱਚ ਇਕ ਕੰਪਨੀ ਜੌਆਇਨ ਕਰਨਾ ਅਤੇ ਵਾਪਸੀ :** ਜਿਵੇਂ ਕਿ ਪਿਛਲੇ ਚੈਪਟਰਾਂ ਵਿੱਚ ਜ਼ਿਕਰ ਹੋਇਆ ਹੈ ਕਿ ਮੇਰੀ ਉਚੇਰੀ ਸਿੱਖਿਆ ਪੂਰੀ ਕਰਨ ਵਿੱਚ ਮੇਰੇ ਮਿੱਤਰ ਸ. ਬਚਿੱਤਰ ਸਿੰਘ ਸੰਧੂ ਦਾ ਨਿਘਰ ਯੋਗਦਾਨ ਸੀ। ਇਸ ਦੌਰਾਨ ਉਨ੍ਹਾਂ ਨਾਲ ਬੜਾ ਕਰੀਬੀ ਰਿਸ਼ਤਾ ਬਣ ਗਿਆ ਅਤੇ ਅਥਾਹ ਵਿਸ਼ਵਾਸ ਬੱਝ ਗਿਆ। ਮੈਂ ਲੰਮੇ ਸਮੇਂ ਲਈ ਉਨ੍ਹਾਂ ਦੇ ਘਰ ਪਿੰਡ ਸਾਨ੍ਹੇਵਾਲ ਵੀ ਰਹਿੰਦਾ ਰਿਹਾ। ਉਸ ਨੂੰ ਗਣਿਤ ਦੇ ਏ.ਬੀ. ਕੋਰਸ ਨਾਲ ਇਮਤਿਹਾਨ ਪਾਸ ਕਰਵਾ ਕੇ ਬੀ.ਏ. ਦੀ ਡਿਗਰੀ ਦਵਾਈ। ਉਸ ਦੇ ਆਪਣੀ ਮੰਗੇਤਰ ਅਮਰਜੀਤ ਨਾਲ ਟੁੱਟ ਰਹੇ ਰਿਸ਼ਤੇ ਨੂੰ ਖਤਰਾ ਮੁੱਲ ਲੈ ਕੇ ਵਿਚ ਪੈ ਕੇ ਬਚਾਇਆ ਅਤੇ ਉਨ੍ਹਾਂ ਦਾ ਵਿਆਹ ਹੋਇਆ। ਦਿੱਲੀ ਵਿੱਚ ਸ਼ਾਲੀਮਾਰ ਪੇਂਟਸ ਕੰਪਨੀ ਦੀ ਸਰਵਿਸ ਕਰਦੇ ਸਮੇਂ ਸੰਧੂ ਨੇ ਅਮਰਜੀਤ ਦੇ ਚਾਚਾ ਜੀ ਜਗਜੀਤ ਸਿੰਘ ਨਾਲ ਮਿਲ ਕੇ ਬੀ.ਜੇ. ਇੰਜੀਨੀਅਰਜ਼ (ਪ੍ਰ.) ਲਿਮਟਿਡ ਨਾਂ ਦੀ ਬਿਲਡਰ ਕੰਪਨੀ ਸਥਾਪਿਤ ਕੀਤੀ। ਇਸ ਕੰਪਨੀ ਦੇ ਪੰਜਾਬ ਰਾਜ ਦੇ ਮੈਨੇਜਰ ਦੀ ਆਸਾਮੀ ਦੀ ਪੇਸ਼ਕਸ਼ ਮੈਨੂੰ ਕੀਤੀ। ਸੁੰਦਰ ਭਵਿੱਖ ਦੇ ਸਬਜ਼ਬਾਗ ਵਿਖਾ ਕੇ ਦੋਵੇਂ ਜੀਆਂ ਨੇ ਬੜਾ ਜ਼ੋਰ ਪਾਇਆ। ਇਸ ਕਾਲਜ ਵਿੱਚ ਅੱਗੇ ਹੋਰ ਪ੍ਰੋਮੋਸ਼ਨ ਅਵਸਰਾਂ ਦੀ ਅਨਹੋਂਦ ਬਾਰੇ ਦਲੀਲ ਦਿੱਤੀ। ਮੇਰੇ ਛੁੱਟੀ ਲੈਣ ਲਈ ਵੀ ਰਾਜ਼ੀ ਨਾ ਹੋਏ। ਆਖਰ ਸੰਧੂ ਤੇ ਵਿਸ਼ਵਾਸ ਸਦਕਾ ਪੰਜਾਬ ਇੰਜੀਨੀਅਰਿੰਗ ਕਾਲਜ ਦੀ ਅਸਿਸਟੈਂਟ ਪ੍ਰੋਫੈਸਰ ਦੀ ਸਰਵਿਸ ਤੋਂ 15-07-1970 ਨੂੰ ਅਸਤੀਫਾ ਦੇ ਦਿੱਤਾ।

16.07.70 ਨੂੰ ਬੀ.ਜੇ. ਕੰਪਨੀ ਜੌਆਇਨ ਕਰ ਲਈ। ਕੰਪਨੀ ਦਾ ਸੈਕਟਰ 9 ਦੀ ਇਕ ਵੱਡੀ ਕੋਠੀ ਵਿੱਚ ਦਫਤਰ ਸੀ। ਸਟਾਫ ਸੀ। ਟੈਲੀਫੋਨ, ਕਾਰ, ਮੋਟਰ ਸਾਈਕਲ ਵੀ ਉਪਲੱਬਧ ਸਨ। ਦੋ ਚਾਰ ਵੱਡੇ ਕੰਮਾਂ ਦੇ ਆਰਡਰ ਵੀ ਮਿਲੇ ਸਨ। ਕੰਮ ਚਲ ਰਹੇ ਸਨ। ਪਰ ਕੰਪਨੀ ਚੜ੍ਹਦੀ ਕਲਾ ਵਿੱਚ ਜਾਂਦੀ ਨਜ਼ਰ ਨਹੀਂ ਸੀ ਆ ਰਹੀ। ਪ੍ਰੋਜੈਕਟ ਮੈਨੇਜਰ ਢਿੱਲੇ ਮੱਠੇ ਹੀ ਨਿਕਲੇ। ਫੰਡਾਂ ਦੀ ਘਾਟ ਮਹਿਸੂਸ ਹੋਈ। ਨਵੇਂ ਕੰਮ ਨਹੀਂ ਸਨ ਮਿਲ ਰਹੇ। ਪਹਿਲੇ ਕੰਮ ਪੂਰੇ ਨਹੀਂ ਸਨ ਹੋ ਰਹੇ। ਦਿਲ ਉਦਾਸ ਜਿਹਾ ਰਹਿਣ ਲੱਗ ਪਿਆ। ਕੰਪਨੀ ਚੇਅਰਮੈਨ ਦੇ ਇਕ ਦਿਨ ਪਿਛਲੇ ਜਾਬ ਦੀ ਯਾਦ ਆਉਣ ਬਾਰੇ ਪੁੱਛਣ ਤੇ ਮੈਨੂੰ ਸੱਚ ਦੱਸਣਾ ਪਿਆ।

ਇਕ ਦਿਨ ਸ਼ਾਮ ਨੂੰ ਆਪਣੇ ਮਿੱਤਰ ਪ੍ਰੀਤਮ ਸਿੰਘ ਮੁਲਤਾਨੀ ਨੂੰ ਨਾਲ ਲੈ ਕੇ ਸ. ਸੁਰੈਣ ਸਿੰਘ ਕੋਲ ਗਏ ਜੋ ਉਧੋਂ ਭਲੇ ਨੂੰ ਪੰਜਾਬ ਸਿਵਲ ਸਕੱਤਰੇਤ ਵਿਖੇ ਸਿੱਖਿਆ ਵਿਭਾਗ ਵਿੱਚ ਆਫਿਸ ਸੁਪਰਡੈਂਟ ਸਨ। ਉਨ੍ਹਾਂ ਨੂੰ ਸਾਰੀ ਗੱਲ ਦੱਸੀ ਅਤੇ ਉਨ੍ਹਾਂ ਦੀ ਸਲਾਹ ਪੁੱਛੀ। ਉਹ ਕਹਿਣ ਲੱਗੇ ਕਿ ਤੇਰਾ ਲੀਅਨ ਸਿੱਖਿਆ ਵਿਭਾਗ ਵਿੱਚ ਹੈ। ਤੇ ਤੂੰ ਉਨ੍ਹਾਂ ਕੋਲ ਡੈਪੂਟੇਸ਼ਨ ਤੇ ਗਿਆ ਸੀ। ਪੰਜਾਬ ਇੰਜੀਨੀਅਰਿੰਗ ਕਾਲਜ ਵਾਲੇ ਕੌਣ ਹੁੰਦੇ ਨੇ ਤੇਰਾ ਅਸਤੀਫਾ ਮਨਜ਼ੂਰ ਕਰਨ ਵਾਲੇ। ਮੇਰੇ ਕੋਲੋਂ ਵਿਸਥਾਰ ਪੂਰਵਕ ਸਿੱਖਿਆ ਵਿਭਾਗ ਵਿੱਚ ਵਾਪਸੀ ਅਤੇ ਪੋਸਟਿੰਗ ਆਰਡਰਾਂ ਲਈ ਅਰਜ਼ੀ ਲਿਖਵਾ ਕੇ ਕਾਰਵਾਈ ਸ਼ੁਰੂ ਕਰ ਦਿੱਤੀ। ਸ. ਸੁਰੈਣ ਸਿੰਘ ਨੇ ਕਮਾਲ ਕਰ ਦਿੱਤਾ। 24.5.71 ਨੂੰ ਮੇਰੇ ਕੋਲੋਂ ਅਰਜ਼ੀ ਲਈ ਅਤੇ ਸਾਰੀ ਕਾਰਵਾਈ ਕਰਕੇ 21.09.71 ਨੂੰ ਮੇਰੀ ਵਾਪਸੀ ਅਤੇ ਗੌਰਮਿੰਟ ਕਾਲਜ, ਲੁਧਿਆਣਾ ਵਿਖੇ ਪੋਸਟਿੰਗ ਦੇ ਆਰਡਰ ਸਰਕਾਰ ਵੱਲੋਂ ਜਾਰੀ ਹੋ ਗਏ। 16.7.70 ਤੋਂ 26.09.71 ਤੱਕ 438 ਦਿਨ ਦੀ ਗੈਰ ਮਾਮੂਲੀ ਛੁੱਟੀ ਮੰਨ ਲਈ ਗਈ। ਸ. ਸੁਰੈਣ ਸਿੰਘ ਦਾ ਧੰਨਵਾਦ ਕੀਤਾ। ਕੰਪਨੀ ਕੋਲੋਂ ਖਿਮਾ ਮੰਗੀ ਅਤੇ ਉਸ ਨੂੰ ਖੈਰ ਬਾਦ ਕਿਹਾ ਅਤੇ 27.09.71 ਨੂੰ ਗੌਰਮਿੰਟ ਕਾਲਜ ਲੁਧਿਆਣਾ ਵਿਖੇ ਸੀਨੀਅਰ ਲੈਕਚਰਾਰ ਦੇ ਤੌਰ 'ਤੇ ਜੌਆਇਨ ਕਰ ਲਿਆ।

**(ਚਲਦਾ)**

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

# ਭਗਤ ਰਵਿਦਾਸ ਜੀ ਦਾ ਰੂਹਾਨੀ ਉਪਦੇਸ਼

ਜਸਬੀਰ ਸਿੰਘ ਸਾਬਰ (ਡਾ.)

ਮੱਧ ਯੁਗ ਤੋਂ ਅੱਜ ਤੱਕ ਮਾਨਵ-ਸਮਾਜ ਦੇ ਮਨੁੱਖ ਦੀ ਨਿਰੰਤਰ ਤ੍ਰਾਸਦੀ ਬਣੀ ਹੋਈ ਹੈ ਕਿ ਇਸ ਦੀ ਰੁਚੀ ਉਨ੍ਹਾਂ ਪ੍ਰਾਪਤੀਆਂ ਵੱਲ ਵਧੇਰੇ ਹੁੰਦੀ ਹੈ ਜੋ ਸੌਖਿਆਂ ਤੇ ਜਲਦੀ ਪ੍ਰਾਪਤ ਹੋ ਜਾਣ। ਹਾਲਾਂਕਿ ਅਜਿਹੀਆਂ ਪ੍ਰਾਪਤੀਆਂ ਕੇਵਲ ਵਕਤੀ ਲੋੜਾਂ ਪੂਰੀਆਂ ਕਰਨ ਵਾਲੀਆਂ ਤੇ ਥੋੜ੍ਹਚਿਰੀ ਖੁਸ਼ੀ ਦੇਣ ਵਾਲੀਆਂ ਹੀ ਹੁੰਦੀਆਂ ਹਨ। ਇਸ ਤ੍ਰਾਸਦੀ ਦਾ ਸ਼ਿਕਾਰ ਮਨੁੱਖ, ਸਿਧਾਂਤ ਦੀ ਸਾਰਥਿਕਤਾ ਨੂੰ ਛੱਡ ਕੇ ਸਿਧਾਂਤ ਸੰਚਾਰ ਦੀ ਪੂਜਾ ਕਰਨੀ ਆਰੰਭ ਦਿੰਦਾ ਹੈ। ਮਨੁੱਖ ਦੀ ਇਸ ਰੁਚੀ ਨੇ ਹੀ ਦੇਹ-ਪੂਜਾ ਅਤੇ ਨਿੱਜਵਾਦ ਨੂੰ ਪ੍ਰਫੁੱਲਤ ਕੀਤਾ। ਅੱਜ ਸਥਿਤੀ ਇਹ ਬਣ ਗਈ ਹੈ ਕਿ ਮਨੁੱਖ ਦੀ ਮਾਨਸਿਕਤਾ ਪਦਾਰਥਕ ਸੁਖਾਂ ਦੀ ਗ੍ਰਿਫਤ ਵਿਚ ਅਜਿਹੀ ਜਕੜੀ ਜਾ ਚੁੱਕੀ ਹੈ ਕਿ ਉਹ ਪਰਮਾਰਥ ਦੀ ਗੱਲ ਮੰਨਣੀ ਤਾਂ ਇਕ ਪਾਸੇ ਰਹੀ ਸੁਣਨੀ ਵੀ ਪਸੰਦ ਨਹੀਂ ਕਰ ਰਿਹਾ।



ਮਾਨਵ-ਚੇਤਨਾ ਦੀ ਇਸ ਸਥਿਤੀ ਦੇ ਦੋ ਕਾਰਨ ਸਪੱਸ਼ਟ ਰੂਪ ਵਿਚ ਨਜ਼ਰ ਆਉਂਦੇ ਹਨ। ਪਹਿਲਾ ਕਾਰਨ ਹੈ ਮਨੁੱਖ ਨੂੰ ਬਚਪਨ ਤੋਂ ਹੀ ਘਰ ਵਿਚੋਂ ਸੁਚੱਜਾ ਅਧਿਆਤਮਕ ਵਾਤਾਵਰਨ ਨਾ ਮਿਲਣਾ, ਜਿਸ ਕਰਕੇ ਉਹ ਸੁੱਚੀਆਂ ਅਧਿਆਤਮਕ ਕਦਰਾਂ-ਕੀਮਤਾਂ ਤੋਂ ਅਗਿਆਨੀ ਹੁੰਦਾ ਹੈ। ਉਸ ਨੂੰ ਜਨਮ ਤੋਂ ਹੀ ਇਕ ਅਜਿਹਾ ਸੰਕੀਰਨ, ਕੱਟੜਵਾਦੀ ਮਾਹੌਲ ਪ੍ਰਾਪਤ ਹੁੰਦਾ ਹੈ ਜੋ ਉਸ ਨੂੰ ਮਾਨਵ-ਭਾਈਚਾਰੇ ਅਤੇ ਸਰਬ ਸਾਂਝੀਵਾਲਤਾ ਅਤੇ ਸਭਿਆਚਾਰ ਤੋਂ ਨਿਖੇੜ ਕੇ ਰੱਖਦਾ ਹੈ। ਦੂਜਾ ਪ੍ਰਮੁੱਖ ਕਾਰਨ ਹੈ ਸਮਾਜ ਦੇ ਉਨ੍ਹਾਂ ਧਾਰਮਕ ਆਗੂਆਂ ਦੀ ਅਪ੍ਰਸੰਗਕ ਭੂਮਿਕਾ ਜਿਨ੍ਹਾਂ ਦਾ ਆਪਣਾ ਨਿੱਜ ਪੱਧਰਾ ਜੀਵਨ, ਲੋਕ-ਮਾਨਸ ਦੀ ਚੇਤਨਾ ਵਿਚ ਅਜਿਹਾ ਰੋਲ-ਮਾਡਲ ਪੇਸ਼ ਕਰਦਾ ਹੈ ਜੋ ਮਾਨਵ-ਸਮਾਜ ਦੇ ਵਿਕਾਸ-ਕਾਰਜ ਲਈ ਰੁਕਾਵਟ ਬਣ ਜਾਂਦਾ ਹੈ। ਕਿਸੇ ਵੀ ਚਿੰਤਨ ਦੀ ਪਰਖ/ਪੜਚੋਲ ਦਾ ਮੁੱਲ ਹੀ ਇਸ ਗੱਲ ਤੋਂ ਪਤਾ ਚੱਲਦਾ ਹੈ ਕਿ ਉਸ ਦਾ ਮਾਨਵੀ ਕਦਰਾਂ-ਕੀਮਤਾਂ ਨਾਲ ਸਰੋਕਾਰ ਕਿਸ ਮਾਤਰਾ ਵਿਚ ਜੁੜਿਆ ਹੋਇਆ ਹੈ। ਇਹ ਇਕ ਅਟੱਲ ਸੱਚਾਈ ਹੈ ਕਿ ਜੇਕਰ ਧਰਮ-ਚਿੰਤਨ ਸੁਘੜ ਤੇ ਸੁਜਾਨ ਪੁਰਸ਼ਾਂ ਦੇ ਹੱਥਾਂ ਵਿਚ ਹੋਵੇਗਾ ਤਾਂ ਮਾਨਵ ਸਮਾਜ ਦਾ ਸਿਰਜਨ ਤੇ ਪਾਲਣ-ਪੋਸ਼ਣ ਵੀ ਨਰੋਆ ਹੋਵੇਗਾ। ਪਰ ਜਦੋਂ ਗਿਆਨ ਦੇਣ ਵਾਲੇ ਆਗੂ ਹੀ ਅਗਿਆਨੀ ਅਤੇ ਅਨੈਤਿਕ ਰੁਚੀਆਂ ਦਾ ਸ਼ਿਕਾਰ ਹੋ ਜਾਣ ਜਾਂ ਨਿੱਜ-ਕਲਿਆਣ ਤੱਕ ਸੀਮਤ ਹੋ ਜਾਣ ਤਾਂ ਮਾਨਵ ਸਮਾਜ ਦਾ ਗ੍ਰਾਫ ਹੇਠਾਂ ਵੱਲ ਹੀ ਆਵੇਗਾ। ਸੱਚੀ ਗੱਲ ਤਾਂ ਇਹ ਹੈ ਕਿ ਅਜਿਹੀ ਪ੍ਰਸਥਿਤੀ ਵਿਚ ਮਾਨਵਤਾ ਅਤੇ ਧਰਮ ਦਾ ਆਪਸੀ ਰਿਸ਼ਤਾ ਹੀ ਟੁੱਟ ਜਾਂਦਾ ਹੈ ਜਿਸ ਦੇ ਫਲਸਰੂਪ ਨੈਤਿਕ ਕਦਰਾਂ-ਕੀਮਤਾਂ ਦਾ ਪ੍ਰਸੰਗ ਹੀ ਗੁਆਚ ਜਾਂਦਾ ਹੈ। ਕੁਝ ਅਜਿਹੀ ਹੀ ਪ੍ਰਸਥਿਤੀ ਸੀ ਭਗਤ ਰਵਿਦਾਸ ਜੀ ਦੇ ਸਮਕਾਲੀ ਮਾਨਵ-ਸਮਾਜ ਦੀ ਜਿਸ ਵਿਚ ਦਲਿਤ ਵਰਗ ਦਾ ਬੁਰੀ ਤਰ੍ਹਾਂ ਸ਼ੋਸ਼ਣ ਕੀਤਾ ਜਾ ਰਿਹਾ ਸੀ।

ਭਗਤ ਰਵਿਦਾਸ ਜੀ ਦੇ ਸਮਕਾਲੀ ਸਮਾਜ ਦਾ ਧਰਮ-ਚਿੰਤਨ ਇਕ ਪਾਸੇ ਭੂਤਮੁਖੀ ਵਹਿਮਾਂ-ਭਰਮਾਂ ਦਾ ਸ਼ਿਕਾਰ ਸੀ ਅਤੇ ਦੂਜੇ ਪਾਸੇ ਭਵਿੱਖਮੁਖੀ ਲਾਰੇ-ਲੱਪੇ ਲਾਉਣ ਤੋਂ ਇਲਾਵਾ ਕੁਝ ਵੀ ਨਹੀਂ ਸੀ, ਜਿਸ ਕਰਕੇ ਅਧਿਆਤਮਕ ਕਦਰਾਂ-ਕੀਮਤਾਂ ਪੂਰੀ ਤਰ੍ਹਾਂ ਖੜੋਤ-ਗ੍ਰਸਤ ਸਨ। ਲੋਕ-ਮਾਨਸ ਦੀ ਚੇਤਨਾ ਵਿਚ ਪ੍ਰਭੂ-ਭਗਤੀ ਮਨਫ਼ੀ ਸੀ ਅਤੇ ਨਿੱਜ-ਭਗਤੀ ਦਾ ਬੋਲਬਾਲਾ ਸੀ। ਅਧਿਆਤਮਕ ਖੇਤਰ ਤੋਂ ਇਲਾਵਾ ਸਮਾਜਕ, ਆਰਥਕ ਅਤੇ ਰਾਜਨੀਤਕ ਖੇਤਰ ਵਿਚ ਵੀ ਮਾਨਵ-ਜੀਵਨ ਅਸੰਤੁਲਤ (unbalanced) ਅਤੇ ਉਖੜਿਆ ਹੋਇਆ ਸੀ। ਇਸ ਸੰਦਰਭ ਵਿਚ ਦਲਿਤ ਵਰਗ ਦਾ ਜੀਵਨ ਮੌਤ ਨਾਲੋਂ ਵੀ ਭੈੜਾ ਸੀ ਜੋ ਜ਼ੁਲਮ ਸਿਤਮ ਦੇ ਦੋ ਪੁੜਾਂ ਵਿਚਕਾਰ ਬੁਰੀ ਤਰ੍ਹਾਂ ਪੀਸਿਆ ਜਾ ਰਿਹਾ ਸੀ। ਇਸ ਦਾ ਕਾਰਨ ਸੀ ਦੇਸ਼ ਦੀ ਵਾਂਗਡੋਰ ਵਿਦੇਸ਼ੀ ਹਾਕਮਾਂ ਦੇ ਹੱਥ ਵਿਚ ਹੋਣੀ ਜੋ ਤਲਵਾਰ ਦੇ ਜ਼ੋਰ ਨਾਲ ਇਕ ਪਾਸੇ ਦੇਸ਼ ਦੀ ਧਨ-ਦੌਲਤ ਲੁੱਟ ਰਹੇ ਸਨ ਅਤੇ ਤਲਵਾਰ ਦੇ ਜ਼ੋਰ ਨਾਲ ਇਸਲਾਮ ਫੈਲਾ ਰਹੇ ਸਨ। ਦੂਜੇ ਪਾਸੇ ਦੇਸ਼ ਦੇ ਹਿੰਦੂ ਰਾਜੇ ਆਪਸੀ ਫੁੱਟ ਦਾ ਸ਼ਿਕਾਰ ਹੋਣ ਕਾਰਨ ਵਿਦੇਸ਼ੀ ਹਕੂਮਤ ਦੀ ਸਿਰਦਾਰੀ ਪ੍ਰਵਾਨ ਕਰਕੇ, ਬਦਲੇ ਵਿਚ ਅਯਾਸ਼ੀ ਭਰਿਆ ਜੀਵਨ ਬਤੀਤ ਕਰਨ ਲਈ ਦਲਿਤ ਵਰਗ ਦੀਆਂ ਹੱਡੀਆਂ ਚੂਸ ਰਹੇ ਸਨ। ਹੈਰਾਨੀਜਨਕ ਤੱਥ ਇਹ ਹੈ ਕਿ ਦਲਿਤ ਵਰਗ ਨੂੰ ਲੁੱਟਣ ਲਈ ਦੋਵਾਂ ਕੌਮਾਂ ਦੇ ਹਾਕਮ ਤੇ ਪੁਜਾਰੀ ਇਕ ਦੂਜੇ ਦੇ ਸਹਾਇਕ ਬਣੇ ਹੋਏ ਸਨ। ਡਾ. ਈਸ਼ਵਰੀ ਪ੍ਰਸ਼ਾਦਿ ਠੀਕ ਹੀ ਲਿਖਦੇ ਹਨ ਕਿ:

**ਸ਼ਾਸ਼ਨ ਕੇ ਰੂਪ ਮੇਂ ਸੀਜ਼ਰ ਵ ਪੋਪ ਦੋਨੋਂ**

**ਇਕੱਤ੍ਰ ਹੋ ਗਏ ਥੇ।**

ਸ੍ਰੀ ਕੇ.ਐੱਮ. ਮੁਨਸ਼ੀ ਭਗਤ ਰਵਿਦਾਸ ਜੀ ਦੇ ਤਤਕਾਲੀ ਸਮਾਜ ਦੀ ਵਿਵਸਥਾ ਬਾਰੇ ਲਿਖਦੇ ਹਨ ਕਿ–

ਇਸ ਸਮੇਂ ਸਦੀਓਂ ਸੇ ਇਕੱਤ੍ਰ ਕੀ ਗਈ ਧਨ ਔਰ ਸੰਪਤੀ ਲੂਟ ਕਾ ਵਿਸ਼ਾ ਬਨੀ, ਔਰਤੋਂ ਕਾ ਅਪਹਰਨ ਔਰ ਬਲਾਤਕਾਰ, ਅਰਾਜਕਤਾ ਜੀਵਨ ਕਾ **ਹਿੱਸਾ ਬਨ ਗਿਆ ਥਾ।**

**ਇਸਲਾਮ ਕਾ ਪਰਚਮ ਚਾਰੋਂ ਓਰ ਲਹਿਰਾਨੇ ਲਗਾ।**

ਕੁਝ ਇਸ ਤਰ੍ਹਾਂ ਦੀ ਹੀ ਤਸਵੀਰ ਸ੍ਰੀ ਸਤਿਆ ਕੇਤੂ ਵਿਦਿਆਲੰਕਾਰ ਦਿਖਾਉਂਦੇ ਹਨ ਕਿ –

**ਨਾਰੀਓਂ ਕੇ ਸਤ ਕੋ ਭ੍ਰਸ਼ਟ ਕਰਨਾ ਔਰ ਇਸਲਾਮ ਧਰਮ ਕੋ ਸਵੀਕਾਰ ਕਰਨੇ ਕੇ ਲੀਏ ਵਿਵਸ਼ ਕਰਨਾ ਉਸ ਸਮੇਂ ਕੇ ਕਰੂਰ ਸ਼ਾਸਕੋਂ ਔਰ ਮੰਤਰੀਓਂ ਕਾ ਦੈਨਿਕ ਚਰਯਾ ਥਾ।**

ਧਰਮ–ਖੇਤਰ ਵਿਚ ਵਿਭਿੰਨ ਮੱਤ–ਮਤਾਂਤਰਾਂ ਦੀਆਂ ਪੂਜਾ ਵਿਧੀਆਂ ਤੇ ਕਰਮਕਾਂਡਾਂ ਕਾਰਨ ਹੋਂਦ 'ਚ ਆਈ ਧਰਮ ਵੰਡ ਦੀ ਤਸਵੀਰ ਤਾਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਰਚਨਾ ਵਿਚੋਂ ਵੀ ਭਲੀ ਪ੍ਰਕਾਰ ਵੇਖੀ ਜਾ ਸਕਦੀ ਹੈ :

**ਕਾਹੂ ਲੈ ਪਾਹਨ ਪੂਜ ਧਰਯੋ ਸਿਰ**
**ਕਾਹੂ ਲੈ ਲਿੰਗ ਗਰੇ ਲਟਕਾਇਓ॥**
**ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ**
**ਕਾਹੂ ਪਛਾਹ ਕੋ ਸੀਸੁ ਨਿਵਾਇਓ॥**
**ਕੋਊ ਬੁਤਾਨ ਕੋ ਪੂਜਤ ਹੈ ਪਸੁ**
**ਕੋਊ ਮ੍ਰਿਤਾਨ ਕੋ ਪੂਜਨ ਧਾਇਓ॥**
**ਕੂਰ ਕ੍ਰਿਆ ਉਰਝਿਓ ਸਭਹੀ ਜਗ**
**ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥**

**(ਤ੍ਵਪ੍ਰਸਾਦਿ ਸਵੱਯੇ)**

ਸਮਾਜ ਦਾ ਉਪਰੋਕਤ ਵਰਨਨ ਰੂਪ ਸਿੱਧ ਕਰਦਾ ਹੈ ਕਿ ਇਸ ਸਮੇਂ ਦੇ ਮਾਨਵ ਦੀ ਬਿਰਤੀ ਦਾ ਇਕੋ ਇਕ ਸਰੋਕਾਰ ਸੀ ਕਿ ਹਰ ਉਚਿਤ ਅਨਉਚਿਤ ਢੰਗ ਨਾਲ ਮਾਨਵੀ ਸਮਾਜ ਦੇ ਹਰ ਖੇਤਰ ਵਿਚ ਜ਼ਰ, ਜ਼ੋਰੂ ਤੇ ਜ਼ਮੀਨ ਉੱਤੇ ਕਬਜ਼ਾ ਕਰਨਾ। ਨਿੱਜ–ਲਾਭ ਦੀ ਇਸ ਹਵਸ ਨੇ ਮਾਨਵੀ–ਰਿਸ਼ਤੇ ਦੀ ਸਾਂਝ ਮਨਫ਼ੀ ਕਰ ਦਿੱਤੀ ਹੋਈ ਸੀ। ਬੇਸ਼ੱਕ ਅਜੋਕੇ ਦੌਰ ਵਿਚ ਵੀ ਇਹ ਰੁਚੀ ਵਧੇਰੇ ਪ੍ਰਚੰਡ ਹੋ ਰਹੀ ਹੈ ਅਤੇ ਇਸ ਦੇ ਵਿਰੋਧ ਦੀ ਸੰਭਾਵਨਾ ਵੀ ਨਹੀਂ ਦਿਸ ਰਹੀ। ਇਸ ਦੇ ਨਾਲ ਹੀ ਅੰਸ਼–ਵੰਸ, ਕੁਲ ਪਰੰਪਰਾ, ਜਾਤੀਵਾਦ, ਕਰਮ–ਕਾਂਡ, ਰੂਪ ਰੰਗ, ਲਿੰਗ ਭੇਦ ਦੀ ਵਿਤਕਰੇ ਭਰੀ ਵੰਡ ਨੇ ਮਾਨਵ–ਸਮਾਜ ਦੀ ਆਪਸੀ ਸਾਂਝ ਨੂੰ ਬਖੇਰ ਕੇ ਰੱਖ ਦਿੱਤਾ ਸੀ। ਚਤੁਰ ਵਰਣ ਵਿਵਸਥਾ ਦਾ ਤਾਣਾ–ਪੇਟਾ ਇਸ ਪ੍ਰਕਾਰ ਦਾ ਸੀ ਕਿ ਉਸ ਨੇ ਦਲਿਤ–ਵਰਗ ਨੂੰ ਸੰਤਾਪ ਦੀ ਭੱਠੀ ਵਿਚ ਇਸ ਤਰ੍ਹਾਂ ਝੋਕਿਆ ਹੋਇਆ ਸੀ ਕਿ ਉਨ੍ਹਾਂ ਨੂੰ ਨਾ ਜਿਉਂਦਿਆਂ ਵਿਚ ਤੇ ਨਾ ਹੀ ਮਰਿਆਂ ਵਿਚ ਸ਼ੁਮਾਰ ਕੀਤਾ ਜਾ ਸਕਦਾ ਸੀ। ਇਸ ਵਿਵਸਥਾ ਅਧੀਨ ਛੂਆ–ਛਾਤ ਇਤਨੀ ਪ੍ਰਬਲ ਸੀ ਕਿ ਇਕ ਪਾਸੇ ਤਾਂ ਗਊ ਦੇ ਮਲ–ਮੂਤਰ ਨਾਲ ਨਵ–ਜੰਮੇ ਬੱਚੇ ਦਾ ਜਨਮ ਸੰਸਾਕਰ ਅਤੇ ਚੁੱਲ੍ਹਾ ਚੌਂਕਾ ਪਵਿੱਤਰ ਕੀਤਾ ਜਾਂਦਾ ਪਰ ਦੂਜੇ ਪਾਸੇ ਇਨ੍ਹਾਂ ਦੀ ਸੇਵਾ ਕਰਨ ਵਾਲੇ ਦਲਿਤ ਵਰਗ ਨੂੰ ਅਛੂਤ ਗਰਦਾਨ ਕੇ ਉਸ ਦੀ ਛੂਹ ਤੇ ਪਰਛਾਈ ਵਾਲੀ ਵਸਤ ਭਿੱਟੀ ਹੋਈ ਅਪਵਿੱਤਰ ਮੰਨਦਿਆਂ ਬਦਲੇ ਵਿਚ ਦਲਿਤ ਨੂੰ ਫਿਟਕਾਰਿਆ, ਦੁਰਕਾਰਿਆ, ਤ੍ਰਿਸਕਾਰਿਆ ਤੇ ਮਾਰਿਆ ਜਾਂਦਾ। ਅਜਿਹੀ ਵਿਵਸਥਾ ਨੇ ਦਲਿਤ ਵਰਗ ਨੂੰ ਠੀਕ ਸਮਝਣ ਸੋਚਣ ਦੇ ਸਮਰੱਥ ਵੀ ਨਾ ਰਹਿਣ ਦਿੱਤਾ। ਕਿਉਂਕਿ ਜੇਕਰ ਉਹ ਆਪਣਾ ਨਾਤਾ ਹਿੰਦੂ ਧਰਮ ਨਾਲ ਜੋੜਦਾ ਸੀ ਤਾਂ ਉਸ ਨੂੰ ਪ੍ਰਾਪਤ ਹੁੰਦਾ ਸੀ ਨਿੱਕੀ–ਨਿੱਕੀ ਗੱਲ ਬਦਲੇ ਤ੍ਰਿਸਕਾਰ ਤੇ ਧਿਰਕਾਰ ਜਿਸ ਦੇ ਫਲਸਰੂਪ ਉਹ ਹਮੇਸ਼ਾ ਹੀਨ–ਭਾਵਨਾ ਦਾ ਸ਼ਿਕਾਰ ਰਹਿੰਦਾ। ਪਰ ਜੇਕਰ ਉਹ ਲਾਲਚ ਵੱਸ ਇਸਲਾਮ ਧਰਮ ਨਾਲ ਜੁੜ ਜਾਂਦਾ ਸੀ ਤਾਂ ਬਿਗਾਨਾਪਨ ਤੇ ਆਰਥਕ ਮੰਦਹਾਲੀ ਉਥੇ ਵੀ ਉਸ ਦਾ ਪਿੱਛਾ ਨਹੀਂ ਸੀ ਛੱਡਦੀ। ਇਸ ਤਰ੍ਹਾਂ ਉਸਦੀ ਬਿਰਤੀ ਦਿਨ–ਬ–ਦਿਨ ਰੋਗੀ ਬਣਦੀ ਜਾ ਰਹੀ ਸੀ। ਇਹ ਇਕ ਅਟੱਲ ਸੱਚਾਈ ਹੈ ਕਿ ਹਰੇਕ ਵਿਅਕਤੀ ਤਤਕਾਲੀਨ ਪ੍ਰਸਥਿਤੀਆਂ ਤੋਂ ਪ੍ਰਭਾਵਤ ਹੁੰਦਾ ਹੈ ਅਤੇ ਉਸ ਦੇ ਵਿਕਾਸ ਤੇ ਵਿਨਾਸ਼ ਵਿਚ ਵੱਡੀ ਭੂਮਿਕਾ ਨਿਭਾਉਂਦਾ ਹੈ – ਤਤਕਾਲੀ ਸਮਾਜ। ਇਸ ਲਈ ਰੋਗੀ–ਬਿਰਤੀਆਂ ਦਾ ਸ਼ਿਕਾਰ ਮਾਨਵ, ਵਿਕਾਸ ਗਤੀ ਵਾਲੇ ਮਾਨਵ–ਸਮਾਜ ਦਾ ਵਿਕਸਿਤ ਨਿਰਮਾਣ ਕਰਨ ਦੇ ਯੋਗ ਨਹੀਂ ਹੋਇਆ ਕਰਦਾ। ਸੁੱਚੀਆਂ ਕਦਰਾਂ–ਕੀਮਤਾਂ ਵਾਲੇ ਸਮਾਜ ਦਾ ਨਿਰਮਾਣ–ਕਾਰਜ, ਅਰੋਗ ਰੁਚੀਆਂ ਵਾਲੇ ਮਾਨਵ ਹੀ ਕਰ ਸਕਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਰਵਿਦਾਸ ਜੀ ਦੀ ਬਾਣੀ ਦੇ ਅੰਕਤ ੪੦ ਸ਼ਬਦ ਇਸ ਤੱਥ ਨੂੰ ਉਭਾਰਦੇ ਹਨ ਕਿ ਭਗਤ ਜੀ ਨੇ ਦਲਿਤ ਵਰਗ ਦੀ ਰੋਗੀ ਬਿਰਤੀ ਨੂੰ ਅਰੋਗ ਕਰਨ ਲਈ ਉਨ੍ਹਾਂ ਵਿਚੋਂ ਹੀਨ ਭਾਵਨਾ ਨੂੰ ਖਤਮ ਕਰਨ ਹਿਤ ਆਪਣੀ ਅਲਾਹੀ ਬਾਣੀ ਦੇ ਮਿੱਠੜੇ ਬੋਲਾਂ ਨਾਲ ਉਸ ਸਮੇਂ ਦੇ ਮਹਾਂ–ਪੰਡਤਾਂ ਨੂੰ ਆਪਣੇ ਚਰਨਾਂ ਉੱਤੇ ਸੀਸ ਝੁਕਾਉਣ ਲਈ ਮਜਬੂਰ ਕਰ ਦਿੱਤਾ।

**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥**

**(ਮਲਾਰ ਰਵਿਦਾਸ ਜੀ, ਪੰਨਾ ੧੨੯੩)**

ਭਗਤ ਰਵਿਦਾਸ ਜੀ ਇਸ ਤੱਥ ਨੂੰ ਭਲੀ ਪ੍ਰਕਾਰ ਸਮਝਦੇ ਹਨ ਕਿ ਦਲਿਤ–ਵਰਗਾਂ ਦੀ ਰੋਗੀ ਚੇਤਨਾ ਨੂੰ ਅਰੋਗ ਕੀਤੇ ਬਗੈਰ, ਸੁੱਚੀਆਂ ਕਦਰਾਂ–ਕੀਮਤਾਂ ਵਾਲੇ ਮਾਨਵ–ਸਮਾਜ ਦਾ ਨਿਰਮਾਣ ਕਾਰਜ ਹੋ ਹੀ ਨਹੀਂ ਸਕਦਾ। ਏਸੇ ਲਈ ਉਨ੍ਹਾਂ ਨੇ ਆਪਣੀ ਬਾਣੀ ਵਿਚ ਦਲਿਤ–ਚੇਤਨਾ ਦੇ ਕਾਰਜ ਨੂੰ ਪ੍ਰਥਮਤਾ ਦਿੱਤੀ।

ਏਥੇ 'ਦਲਿਤ–ਚੇਤਨਾ' ਬਾਰੇ ਵੀ ਸੰਖਿਪਤ ਚਰਚਾ ਕਰਨੀ ਤਰਕ ਸੰਗਤ ਲੱਗਦੀ ਹੈ ਤਾਂ ਜੋ ਇਸ ਦਾ ਮੰਤਵ–ਕਾਰਜ ਸਪੱਸ਼ਟ ਹੋ ਸਕੇ। ਮੇਰੇ ਵਿਚਾਰ ਅਨੁਸਾਰ 'ਦਲਿਤ–ਚੇਤਨਾ' ਦਾ ਮੁੱਖ ਮੰਤਵ ਮਨੁੱਖ ਦੀ ਸਮਾਜਕ ਬਰਾਬਰੀ ਨੂੰ ਉਭਾਰਨਾ ਅਤੇ ਮਾਨਵ–ਵੰਡ ਨੂੰ ਨਕਾਰਨਾ ਹੈ। ਦਲਿਤ ਚੇਤਨਾ ਦਾ ਆਸ਼ਾ, ਅਤੀਤਮੁਖੀ ਨਹੀਂ, ਭਵਿੱਖਮੁਖੀ ਹੋਇਆ ਕਰਦਾ ਹੈ। ਇਹ ਮਾਨਵ–ਚੇਤਨਾ ਵਿਚੋਂ ਹੀਨ–ਭਾਵਨਾ ਨੂੰ ਮਿਟਾ ਕੇ, ਸੱਚ ਦੇ ਰੂਪ ਵਿਚ ਸ੍ਵੈਮਨ ਨੂੰ ਜਗਾ ਕੇ ਚੰਗੇਰੇ ਜੀਵਨ–ਮੁੱਲਾਂ ਨੂੰ ਤਲਾਸ਼ ਕਰਨ ਵਿਚ ਸਦਾ ਤਤਪਰ ਰਹਿੰਦੀ ਹੈ।

ਦਲਿਤ ਚੇਤਨਾ, ਹਾਰੇ ਹੋਏ ਮਨੁੱਖ ਨੂੰ ਸ਼ਕਤੀ ਪ੍ਰਦਾਨ ਕਰਕੇ ਉਸ ਦੇ ਅੰਦਰਲੇ ਸੱਚ ਨੂੰ ਉਜਾਗਰ ਕਰਦਿਆਂ ਉਸ ਨੂੰ ਸੱਚ ਦੀ ਪ੍ਰਾਪਤੀ ਹਿਤ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਪ੍ਰੇਰਨਾ ਦਿੰਦੀ ਹੈ। ਇਥੇ 'ਦਲਿਤ'

ਸ਼ਬਦ ਦੇ ਅਰਥ ਸਮਝਣੇ ਵੀ ਜ਼ਰੂਰੀ ਲੱਗਦੇ ਹਨ। 'ਦਲਿਤ' ਸ਼ਬਦ ਕਿਸੇ ਜਾਤੀ ਵਿਸ਼ੇਸ਼ ਦੇ ਦੁੱਖ ਦਰਦ ਜਾਂ ਸਮਾਜਕ ਵਿਵਸਥਾ ਦੀ ਕਰੂਰਤਾ ਦਾ ਹੀ ਲਖਾਇਕ ਨਹੀਂ ਸਗੋਂ ਇਕ ਵਿਵਸਥਾ ਪ੍ਰਤੀ ਵਿਚਾਰਧਾਰਕ ਅੰਦੋਲਨ ਦੇ ਸਰੂਪ ਨੂੰ ਵੀ ਨਿਸ਼ਚਿਤ ਕਰਦਾ ਹੈ। ਸੰਤ ਸਾਹਿਤ ਦੇ ਪ੍ਰਸਿੱਧ ਵਿਦਵਾਨ ਡਾ. ਮੈਨੇਜਰ ਪਾਂਡੇ ਠੀਕ ਹੀ ਆਖਦੇ ਹਨ ਕਿ –

**ਅਗਰ ਦਲਿਤ ਕਾ ਅਰਥ**
**ਗੁਲਾਮੀ ਕੀ ਸਥਿਤੀ ਮੇਂ ਰਹਿਨੇ ਵਾਲੋਂ ਸੇ ਹੀ ਹੋਤਾ**
**ਤੋ ਉਸ ਮੇਂ ਗਾਂਧੀ ਜੀ ਕੇ ਹਰੀਜਨ,**
**ਇਸ ਦੇਸ਼ ਕੇ ਆਦਿਵਾਸੀ ਔਰ**
**ਇਸਤਰੀਆਂ ਸਭੀ ਸ਼ਾਮਿਲ ਹੋ ਜਾਤੀ ਹੈਂ,**
**ਲੇਕਨ ਜਬ ਮੈਂ 'ਦਲਿਤ' ਸ਼ਬਦ ਕਾ**
**ਪ੍ਰਯੋਗ ਕਰਤਾ ਹੂੰ ਤੋ ਮੇਰੇ ਧਯਾਨ ਮੇਂ ਦਲਿਤ**
**ਵੋਹ ਲੋਗ ਹੈਂ ਜਿਨ੍ਹੇਂ ਭਾਰਤ**
**ਵਰਣ-ਵਿਵਸਥਾ ਮੇਂ ਦਲਿਤ ਕਹਾ ਜਾਤਾ ਹੈ,**
**ਸਮਾਜ ਮੇਂ ਅਛੂਤ ਮਾਨਾ ਜਾਤਾ ਹੈ।**

ਦਰਅਸਲ ਭਾਰਤੀ ਸਮਾਜ ਦਾ ਤਾਣਾ-ਪੇਟਾ ਕੁਝ ਇਸ ਤਰ੍ਹਾਂ ਦਾ ਬੁਣਿਆ ਹੋਇਆ ਹੈ ਜਿਥੇ ਅਖੌਤੀ ਨੀਵੀਂ ਜਾਤ ਦਾ ਮਨੁੱਖ, ਮਾਨਵ ਸਮਾਜ ਦੇ ਹਰ ਖੇਤਰ ਵਿਚ ਮਾਨਸਕ ਯਾਤਨਾਵਾਂ ਅਤੇ ਆਰਥਕ ਥੋੜ੍ਹਾਂ ਕਾਰਨ ਅਜਿਹੀ ਕਿਸਮ ਦੀ ਭਿਆਨਕ ਦਸ਼ਾ ਵਾਲਾ ਜੀਵਨ ਜਿਊਂਦਾ ਸੀ ਜੋ ਆਮ ਪੀੜਤ ਮਨੁੱਖ ਨਾਲੋਂ ਵੱਖਰੀ ਕਿਸਮ ਦਾ ਸੀ। ਉਹ ਇਕ ਅਜਿਹਾ ਦਲਿਆ ਮਨੁੱਖ ਹੁੰਦਾ ਸੀ ਤੇ ਹੈ ਜੋ ਹਰ ਪੱਧਰ 'ਤੇ ਅਣਗੌਲਿਆ ਰਹਿੰਦਾ। ਮੇਰੀ ਜਾਚੇ ਅਜਿਹਾ ਮਨੁੱਖ ਹੀ 'ਦਲਿਤ' ਹੈ।

ਆਦਿ ਕਾਲ ਵਿਚ ਵਰਣ-ਵਿਵਸਥਾ ਮਾਨਵ-ਘਿਰਣਾ ਪੈਦਾ ਕਰਨ ਵਾਲੀ ਨਹੀਂ ਸੀ ਸਗੋਂ ਇਸ ਦਾ ਆਰੰਭ ਸਮਾਜਕ ਭਲਾਈ ਅਤੇ ਕਿੱਤਾ-ਨਿਪੁੰਨਤਾ ਨੂੰ ਸਨਮੁਖ ਰੱਖ ਕੇ ਕੀਤਾ ਗਿਆ ਸੀ। ਪਰ ਸਮਾਂ ਬੀਤਣ 'ਤੇ ਪੁਜਾਰੀ ਅਤੇ ਹਾਕਮ ਵਰਗ ਦੀ ਖੁਦਗਰਜ਼ੀ, ਲੋਭ, ਲਾਲਚ ਅਤੇ ਆਕੜ ਨੇ ਇਸ ਸੰਸਥਾ ਨੂੰ ਦੂਸ਼ਿਤ ਕਰ ਦਿੱਤਾ। ਵਿੱਦਿਆ ਆਡੰਬਰ, ਆਰਥਕ ਲੁੱਟ-ਖੋਹ, ਦੁਸ਼ਤ ਅਣਮਨੁੱਖੀ ਸਮਾਜਕ ਵਰਤਾਰਾ, ਅਨੈਤਿਕ ਜੀਵਨ ਮੁੱਲ ਸਮਾਜ ਵਿਚ ਪੱਕੇ ਪੈਰੀਂ ਸਥਾਪਤ ਹੋ ਗਏ ਜਿਸ ਦੇ ਫਲਸਰੂਪ ਮਾਨਵ ਜੀਵਨ ਦੇ ਵਿਕਾਸਮਈ ਮੁੱਲਾਂ ਦੇ ਅਰਥ ਹੀ ਗੁਆਚ ਗਏ। ਉਚ-ਨੀਚ ਤੇ ਜਾਤੀਵਾਦ ਦੀ ਲਹਿਰ ਨੇ ਮਾਨਵ-ਸਮਾਜ ਦੀ ਚਿੱਟੀ ਚਾਦਰ ਲਹੂ-ਲੁਹਾਨ ਕਰ ਦਿੱਤੀ। ਇਥੋਂ ਤੱਕ ਕਿ ਧਰਮ-ਕਰਮ ਇਕ ਵਿਸ਼ੇਸ਼ ਵਰਗ ਦੀ ਅਜ਼ਾਰੇਦਾਰੀ ਬਣ ਕੇ ਰਹਿ ਗਿਆ ਅਤੇ ਹਕੂਮਤ 'ਤੇ ਕਬਜ਼ਾ, ਖੱਤਰੀਆਂ ਦਾ ਹੋ ਗਿਆ। ਇਸ ਵਿਵਸਥਾ ਵਿਚ ਸ਼ੂਦਰ ਅਥਵਾ ਦਲਿਤ ਪੂਰੀ ਤਰ੍ਹਾਂ ਅਣਫਿੱਟ ਸੀ। ਭਗਤ ਰਵਿਦਾਸ ਜੀ ਨੇ ਸਮਾਜ ਵਿਚ ਫੈਲੀ ਇਸ ਵਿਵਸਥਾ ਨੂੰ ਪਹਿਲਾਂ ਚੰਗੀ ਤਰ੍ਹਾਂ ਸਮਝਿਆ, ਵਿਚਾਰਿਆ ਅਤੇ ਫੇਰ ਇਸ ਦਾ ਸਮਾਧਾਨ ਪ੍ਰਸਤੁਤ ਕੀਤਾ।

ਦਲਿਤ-ਚੇਤਨਾ ਦੇ ਪ੍ਰਸੰਗ ਵਿਚ ਭਗਤ ਰਵਿਦਾਸ ਜੀ ਦਾ ਪਹਿਲਾ ਕਾਰਜ ਸੀ ਮਾਨਵ-ਚੇਤਨਾ ਵਿਚ ਅਧਿਆਤਮਕ ਪੱਧਰ 'ਤੇ ਸ੍ਵੈ-ਚੇਤਨਾ ਦਾ ਉਭਾਰ ਪੈਦਾ ਕਰਨਾ ਅਤੇ ਉਨ੍ਹਾਂ ਦੀ ਪਤਨਮੁਖੀ ਚੇਤਨਾ ਨੂੰ ਜਾਗਰਿਕ ਕਰਨਾ। ਨਿਰਸੰਦੇਹ ਭਗਤ ਰਵਿਦਾਸ ਜੀ ਦਾ ਭਾਈਚਾਰਾ, ਇਕ ਅਜਿਹੇ ਗੰਧਲੇ ਮਾਹੌਲ ਵਿਚ ਰਹਿੰਦਾ ਸੀ ਜੋ ਮਰੇ ਹੋਏ ਪਸ਼ੂਆਂ ਨੂੰ ਢੋਣ ਦੀ ਕਾਰ ਕਰਦੇ ਸਨ। ਹਾਕਮਾਂ ਦੀ ਵਗਾਰ ਕਰਨੀ ਅਤੇ ਪੁਜਾਰੀਆਂ ਦੀ ਫਿਟਕਾਰ ਸਹਿਣੀ ਇਸ ਵਰਗ ਦਾ ਨਿੱਤ-ਕਰਮ ਸੀ। ਅਜਿਹੇ ਕਸ਼ਟ ਭਰੇ ਮਾਹੌਲ ਵਿਚ ਕਿਸੇ ਵਿਅਕਤੀ ਵੱਲੋਂ ਵਿਕਾਸ-ਮਾਰਗ 'ਤੇ ਤੁਰਨ ਦਾ ਹੌਂਸਲਾ ਕਰਨਾ ਬੜਾ ਕਠਨ ਕਾਰਜ ਹੈ, ਕ੍ਰਿਆਤਮਕ ਕਾਰਜ ਕਰਨ ਦੀ ਗੱਲ ਤਾਂ ਸੋਚੀ ਵੀ ਨਹੀਂ ਜਾ ਸਕਦੀ।

**ਮੇਰੀ ਜਾਤਿ ਕੁਟ ਬਾਂਢਲਾ ਢੋਰ ਢਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥**
**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥**

**(ਮਲਾਰ ਰਵਿਦਾਸ ਜੀ, ਪੰਨਾ ੧੨੯੩)**

ਪਰ ਇਹ ਚਮਤਕਾਰ ਕਰ ਵਿਖਾਇਆ ਰਵਿਦਾਸ ਜੀ ਨੇ ਹਾਕਮ ਜਮਾਤ ਤੋਂ ਨਿਰਭਉ ਹੋ ਕੇ ਅਤੇ ਪੁਜਾਰੀਆਂ ਦੇ ਫਤਵਿਆਂ ਤੋਂ ਪਿੱਠ ਕਰਕੇ ਆਪਣੀ ਅੰਮ੍ਰਿਤਮਈ ਬਾਣੀ ਦੇ ਇਨ੍ਹਾਂ ਬੋਲਾਂ ਨਾਲ ਕਿ :

**ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੁੋਗਵੈ ਸੋਈ॥**

**(ਸੋਰਠਿ ਰਵਿਦਾਸ ਜੀ, ਪੰਨਾ ੬੫੮)**

ਭਾਵ ਜਦੋਂ ਹਰ ਪ੍ਰਾਣੀ ਵਿਚ ਉਹ ਇਕੋ ਇਕ ਪਰਮਾਤਮਾ ਆਪ ਵਿਦਮਾਨ ਹੈ ਅਤੇ ਉਸ ਨੂੰ ਆਪ ਹੀ ਭੋਗ ਰਿਹਾ ਹੈ ਤਾਂ ਫਿਰ ਮਾਨਵ-ਅੰਤਰ ਪਾੜ ਕੈਸਾ? ਇਥੋਂ ਤਕ ਆਪ ਜੀ ਨੇ ਪਰਮਾਤਮਾ ਨੂੰ ਸੰਬੋਧਤ ਹੁੰਦੇ ਆਖਿਆ:

**ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥**
**ਕਨਕ ਕਟਿਕ ਜਲ ਤਰੰਗ ਜੈਸਾ॥**

**(ਸਿਰੀਰਾਗੁ, ਰਵਿਦਾਸ ਜੀ, ਪੰਨਾ ੯੩)**

ਭਾਵ – ਹੇ ਪ੍ਰਭੂ ! ਜਦੋਂ ਤੇਰੇ ਤੇ ਮੇਰੇ ਵਿਚਕਾਰ ਕੋਈ ਅੰਤਰ ਨਹੀਂ ਹੈ ਤਾਂ ਮਨੁੱਖ ਦੇ ਬਣਾਏ ਹੋਏ ਇਸ ਅੰਤਰ (ਵਰਣ-ਵੰਡ) ਦੀ ਕੀ ਸਾਰਥਕਤਾ ਰਹਿ ਜਾਂਦੀ ਹੈ? ਭਗਤ ਰਵਿਦਾਸ ਜੀ ਦੀ ਇਸ ਪਹੁੰਚ ਵਿਧੀ ਨੇ ਪ੍ਰਭੂ-ਭਗਤੀ ਦੇ ਕਿਵਾੜ ਹਰੇਕ ਵਿਅਕਤੀ ਲਈ ਖੋਲ੍ਹ ਦਿੱਤੇ ਅਤੇ ਲੋਕ-ਮਾਨਸ ਦੀ ਚੇਤਨਾ ਵਿਚ ਇਹ ਸਿਧਾਂਤ ਦ੍ਰਿੜ੍ਹ ਕਰ ਦਿੱਤਾ ਕਿ ਪਰਮਾਤਮਾ ਕੇਵਲ ਤੇ ਕੇਵਲ ਇਕ ਹੈ। ਉਹੋ ਸਭ ਦਾ ਸਿਰਜਨਹਾਰ, ਪਾਲਨਹਾਰ ਤੇ ਸੰਘਾਰਨਹਾਰ ਹੈ। ਉਸ ਪਰਮਾਤਮਾਂ ਦੀਆਂ ਨਜ਼ਰਾਂ ਵਿਚ ਵਰਣ-ਵੰਡ, ਧਰਮ-ਵੰਡ, ਸ਼੍ਰੇਣੀ-ਵੰਡ, ਲਿੰਗ ਭੇਦ ਵੰਡ ਆਦਿ ਕੋਈ ਕੀਮਤ ਨਹੀਂ ਰੱਖਦੀਆਂ। ਉਸ ਪਰਮਾਤਮਾਂ ਦੇ ਰੂਪ ਅਨੇਕ ਹੋ ਸਕਦੇ ਹਨ, ਨਾਮ ਅਨੇਕ ਹੋ ਸਕਦੇ ਹਨ ਪਰ ਉਸ ਦੀ ਪਰਮਜੋਤਿ ਇਕੋ ਇਕ ਹੈ। ਧਰਮ-ਖੇਤਰ ਵਿਚ ਭਗਤ ਰਵਿਦਾਸ ਜੀ ਦਾ ਇਹ ਅਜਿਹਾ ਪੈਂਤੜਾ ਸੀ ਜਿਸ ਨੇ ਵੱਡੇ-ਵੱਡੇ ਪੰਡਤਾਂ ਦੇ ਸਿਰ ਝੁਕਾ ਦਿੱਤੇ।

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਚ ਗਲਤਾਨ ਮਨੁੱਖਾਂ ਨੂੰ ਸਿੱਧੇ ਰਾਹ 'ਤੇ ਲਿਆਉਣ ਲਈ ਆਪ ਦਾ ਸੰਦੇਸ਼ ਸੀ :

**ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥**
**ਪੰਚ ਦੋਖ ਅਸਾਧ ਜਾ ਮਹਿ ਤਾਕੀ ਕੇਤਕ ਆਸ॥**

**(ਆਸਾ ਰਵਿਦਾਸ ਜੀ, ਪੰਨਾ ੪੮੬)**

ਦਿਨ ਰਾਤ ਧਨ-ਸੰਪਤੀ ਇਕੱਤਰ ਕਰਨ ਲਈ ਹਰ ਪ੍ਰਕਾਰ ਦੇ ਉਚਿਤ ਅਨਉਚਿਤ ਢੰਗ ਵਰਤਣ ਵਾਲੇ ਮਨੁੱਖ ਨੂੰ ਆਪ ਜੀ ਸੁਚੇਤ ਕਰਦੇ ਹਨ :

ਸੰਪਤਿ ਬਿਪਤਿ ਪਟਲ ਮਾਇਆ ਧਨੁ॥
ਤਾ ਮਹਿ ਮਗਨ ਹੋਤ ਨ ਤੇਰੋ ਜਨ॥
(ਆਸਾ ਰਵਿਦਾਸ ਜੀ, ਪੰਨਾ ੪੮੭)

ਭਗਤ ਰਵਿਦਾਸ ਜੀ ਦੀਆਂ ਨਜ਼ਰਾਂ ਵਿਚ ਪਰਮਾਤਮਾ ਨੂੰ ਖੁਸ਼ ਕਰਨ ਲਈ ਫੋਕੇ ਕਰਮਕਾਂਡ ਕਰਨ ਦੀ ਜੁਗਤ ਅਤੇ ਉਸ ਨੂੰ ਸੰਸਾਰੀ ਪਦਾਰਥ ਭੇਟ ਕਰਨ ਦੀਆਂ ਪੂਜਾ-ਪੱਧਤੀਆਂ ਕੋਈ ਸਾਰਥਕਤਾ ਨਹੀਂ ਰੱਖਦੀਆਂ ਕਿਉਂਕਿ ਇਨ੍ਹਾਂ ਨੂੰ ਵੱਖ-ਵੱਖ ਪੱਧਰਾਂ 'ਤੇ ਪਹਿਲਾਂ ਝੂਠਾ ਕਰ ਦਿੱਤਾ ਹੁੰਦਾ ਹੈ। ਸੱਚੀ-ਸੁੱਚੀ ਵਸਤ ਜੋ ਉਸ ਪਰਮਾਤਮਾਂ ਨੂੰ ਖੁਸ਼ ਕਰ ਸਕਦੀ ਹੈ ਉਹ ਹੈ ਕੇਵਲ ਉਸ ਨਾਲ ਕੀਤੀ ਜਾਣ ਵਾਲੀ ਸੱਚੀ-ਸੁੱਚੀ ਪ੍ਰੀਤ। ਏਸੇ ਲਈ ਭਗਤ ਰਵਿਦਾਸ ਜੀ ਸੱਚੀ ਪ੍ਰੀਤ ਦੀ ਗੱਲ ਕਰਦੇ ਹਨ:

ਸਾਚੀ ਪ੍ਰੀਤ ਹਮ ਤੁਮ ਸਿਉ ਜੋਰੀ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥
(ਸੋਰਠਿ ਰਵਿਦਾਸ ਜੀ, ਪੰਨਾ ੬੫੯)

ਭਗਤ ਰਵਿਦਾਸ ਜੀ ਪ੍ਰੇਮ-ਜੁਗਤ ਨੂੰ ਬਹੁਤ ਹੀ ਮਹੱਤਤਾ ਦਿੰਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਪ੍ਰੇਮ-ਭਗਤ ਇਕ ਐਸਾ ਬੰਧਨ ਹੈ ਜੋ ਪਰਮਾਤਮਾ ਨੂੰ ਵੀ ਵੱਸ ਕਰ ਲੈਂਦਾ ਹੈ:

ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥
(ਸੋਰਠਿ ਰਵਿਦਾਸ ਜੀ, ਪੰਨਾ ੬੫੮)

ਇਸ ਸੰਸਾਰ ਵਿਚ ਪੈਦਾ ਹੋਏ ਫਾਨੀ ਮਨੁੱਖ ਨੂੰ ਆਪ ਜੀ ਸਾਵਧਾਨ ਕਰਦੇ ਹਨ ਕਿ ਜਿਹੜੇ ਤੂੰ ਉੱਚੇ ਮਹਿਲ ਮਾੜੀਆਂ ਉਸਾਰੇ ਹੋਏ ਹਨ, ਇਨ੍ਹਾਂ ਦੀ ਪ੍ਰਾਪਤੀ ਖਾਤਰ ਹਰ ਪ੍ਰਕਾਰ ਦੇ ਅਨਉਚਿਤ ਢੰਗ ਵਰਤੇ ਹਨ ਅਤੇ ਆਪਣੀਆਂ ਮਨਮਾਨੀਆਂ ਪੁਗਾਉਣ ਲਈ ਕੋਈ ਵੀ ਅਨੈਤਿਕ ਕਰਮ ਕਰਨ ਤੋਂ ਝਿਜਕ ਨਹੀਂ ਵਿਖਾਈ, ਸੱਚ ਤਾਂ ਇਹ ਹੈ ਕਿ ਇਹ ਸਭ ਕੁਝ ਇਥੇ ਹੀ ਰਹਿ ਜਾਣਾ ਹੈ, ਮਨੁੱਖ ਦੇ ਨਾਲ ਨਹੀਂ ਜਾਣਾ:

ਊਚੇ ਮੰਦਰ ਸਾਲ ਰਸੋਈ॥
ਏਕ ਘਰੀ ਫੁਨਿ ਰਹਨੁ ਨ ਹੋਈ॥
(ਸੂਹੀ ਰਵਿਦਾਸ ਜੀ, ਪੰਨਾ ੭੯੪)

ਕਿਉਂਕਿ ਵਾਸਤਵ ਵਿਚ ਹਰ ਇਨਸਾਨ ਇਸ ਸੰਸਾਰ ਵਿਚ ਇਕ ਸੀਮਤ ਆਯੂ ਲੈ ਕੇ ਪੈਦਾ ਹੁੰਦਾ ਹੈ ਅਤੇ ਇਕ ਮੁਸਾਫਰ ਵਾਂਗ, ਆਪਣੀ ਉਮਰ ਭੋਗ ਕੇ ਇਸ ਸੰਸਾਰ ਰੂਪੀ ਸਰਾਂ ਨੂੰ ਖਾਲੀ ਕਰ ਜਾਂਦਾ ਹੈ:

ਪ੍ਰਾਨੀ ਕਿਆ ਮੇਰਾ ਕਿਆ ਤੇਰਾ॥ ਜੈਸੇ ਤਰਵਰ ਪੰਖਿ ਬਸੇਰਾ॥
(ਸੋਰਠਿ ਰਵਿਦਾਸ ਜੀ, ਪੰਨਾ ੬੫੯)

ਏਸੇ ਲਈ ਆਪ ਜੀ ਇਸ ਮਨੁੱਖਾ ਜਨਮ ਨੂੰ ਦੁਲੱਭ ਆਖਦਿਆਂ ਮਨੁੱਖ ਨੂੰ ਸਾਵਧਾਨ ਕਰਦੇ ਹਨ:

ਕਿਆ ਤੂ ਸੋਇਆ ਜਾਗੁ ਇਆਨਾ॥
ਤੈ ਜੀਵਨੁ ਜਗਿ ਸਚੁ ਕਰਿ ਜਾਨਾ॥
(ਸੂਹੀ ਰਵਿਦਾਸ ਜੀ, ਪੰਨਾ ੭੯੪)

ਦਲਿਤ-ਚੇਤਨਾ ਦੇ ਪ੍ਰਸੰਗ ਵਿਚ ਭਗਤ ਰਵਿਦਾਸ ਜੀ ਵੱਲੋਂ ਆਪਣੀ ਬਾਣੀ ਵਿਚ ਪ੍ਰਸਤੁਤ ਕੀਤਾ ਗਿਆ 'ਬੇਗਮ ਪੁਰਾ ਸਹਰ ਕੋ ਨਾਉ' (ਗਉੜੀ ਰਵਿਦਾਸ ਜੀ, ਪੰਨਾ ੩੪੫) ਦਾ ਸੰਕਲਪ ਅੱਜ ਵੀ ਸਮੁੱਚੇ ਵਿਸ਼ਵ ਨੂੰ ਪਿਆਰ-ਭਰੀਆਂ ਗਲਵਕੜੀਆਂ ਪਾਉਣ ਦੇ ਸਮਰੱਥ ਹੋ ਸਕਦਾ ਹੈ, ਜੇਕਰ ਇਸ ਦੀ ਮੂਲ ਭਾਵਨਾ ਸਮਝ ਕੇ ਇਸ ਉਪਰ ਅਮਲ ਕੀਤਾ ਜਾਵੇ।


ਇਸ ਤਰ੍ਹਾਂ ਭਗਤ ਰਵਿਦਾਸ ਬਾਣੀ ਦਾ ਦਲਿਤ ਪ੍ਰਸੰਗ ਉਸ ਮਾਨਵ-ਸਮਾਜ ਦੀ ਆਧਾਰਸ਼ਿਲਾ ਰੱਖਦਾ ਹੈ ਜਿਥੇ ਧਰਮ-ਵੰਡ, ਵਰਣ-ਵੰਡ, ਸ਼੍ਰੇਣੀ-ਵੰਡ, ਨਸਲ-ਵੰਡ ਆਦਿ ਲਈ ਕੋਈ ਥਾਂ ਨਹੀਂ। ਆਪ ਜੀ ਦੀ ਸਮੁੱਚੀ ਬਾਣੀ ਵਿਚ ਇਕ ਵੀ ਅਜਿਹਾ ਸ਼ਬਦ ਪ੍ਰਾਪਤ ਨਹੀਂ ਹੁੰਦਾ ਜੋ ਕਿਸੇ ਵੀ ਪ੍ਰਾਣੀ ਦੇ ਮਨ ਮੰਦਰ ਨੂੰ ਠੇਸ ਪਹੁੰਚਾਉਣ ਦਾ ਕਾਰਨ ਬਣ ਸਕਦਾ ਹੋਵੇ। ਏਥੋਂ ਤਕ ਕਿ ਇਹ ਉਸ ਮਾਣ-ਮੱਤੇ ਵਰਗ ਨੂੰ ਵੀ ਪ੍ਰੇਮਮਈ ਬੋਲਾਂ ਨਾਲ ਸੰਬੰਧਿਤ ਹੁੰਦੇ ਹਨ ਜਿਨ੍ਹਾਂ ਦੀਆਂ ਸੰਕੀਰਨ ਰੁਚੀਆਂ ਕਾਰਨ ਦਲਿਤ ਵਰਗ ਨੂੰ ਸੰਤਾਪ ਭੋਗਣਾ ਪਿਆ। ਆਪ ਜੀ ਦੀ ਬਾਣੀ ਦਾ ਦਲਿਤ ਪ੍ਰਸੰਗ, ਮਾਨਵ-ਚੇਤਨਾ ਵਿਚ ਸ੍ਵੈਮਾਨ ਦਾ ਅਹਿਸਾਸ ਜਗਾ ਕੇ ਮਾਨਵ-ਭਾਈਚਾਰੇ ਨੂੰ ਪ੍ਰੇਮ-ਬੰਧਨ ਵਿਚ ਜੋੜਨ ਦਾ ਕਾਰਜ ਕਰਦਾ ਹੈ। ਆਪ ਜੀ ਦੀ ਬਾਣੀ ਵਿਚਲੀ ਪ੍ਰੇਮ-ਬੰਧਨ ਵਾਲੀ ਜੁਗਤ, ਅੱਜ ਵੀ ਮਾਨਵ-ਜੀਵਨ ਵਿਚ ਧਾਰਨ ਕਰਨ ਦੀ ਅਤਿਅੰਤ ਲੋੜ ਹੈ। ਅਜਿਹਾ ਕਰਨ ਨਾਲ ਹੀ ਵਿਸ਼ਵੀਕਰਨ ਦੇ ਅਜੋਕੇ ਯੁੱਗ ਵਿਚ ਨਿੱਜ ਲਾਭਾਂ ਲਈ ਵੱਡੀਆਂ-ਵੱਡੀਆਂ ਪੁਲਾਂਘਾਂ ਪੁੱਟਣ ਲਈ ਮਾਨਵ-ਸੋਚ ਨੂੰ ਠੱਲ੍ਹ ਪਾਈ ਜਾ ਸਕਦੀ ਹੈ।

# ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

# ਪਾਕਿਸਤਾਨ ਵਿਚ ਸਿੱਖਾਂ ਦੇ ਧਾਰਮਿਕ ਅਸਥਾਨ

**ਇੰਜੀਨੀਅਰ**
**ਪਰਮਿੰਦਰਜੀਤ ਸਿੰਘ**
**ਐਡੀਸ਼ਨਲ ਚੀਫ ਐਡੀਟਰ**
**99153-57524**



ਭਾਰਤ ਤੇ ਪਾਕਿਸਤਾਨ ਬਣਨ ਤੋਂ ਪਹਿਲਾਂ ਦੋਵੇਂ ਦੇਸ਼ ਇਕ ਹੀ ਸਨ। ਸਮੇਂ ਦੇ ਨਾਲ-ਨਾਲ ਵੰਡੀਆਂ ਪਈਆਂ ਤੇ ਇਹ ਵੱਸਦਾ ਰੱਸਦਾ ਦੇਸ਼ ਦੋ ਭਾਗਾਂ ਵਿਚ ਵੰਡਿਆ ਗਿਆ। ਇਥੇ ਇਹ ਕਹਿਣਾ ਕਿ ਕਿਸਦੀ ਗਲਤੀ ਨਾਲ ਹੋਇਆ ਜਾਂ ਕਿਸ ਨੇ ਕਰਵਾਇਆ ਠੀਕ ਨਹੀਂ ਹੋਵੇਗਾ। ਪਰ ਇਹੋ ਜਿਹੇ ਇਤਿਹਾਸ ਨੂੰ ਮੁੜ ਕੇ ਸੁਰਜੀਤ ਕਰਦੇ ਸਮੇਂ ਬਹੁਤ ਸਾਰੇ ਲੇਖਕਾਂ ਨੇ ਆਪਣੇ-ਆਪਣੇ ਵਿਚਾਰ ਦਿੱਤੇ ਹਨ। ਅਸੀਂ ਗਲ ਕਰੀਏ ਕਿ ਜਦੋਂ ਵੰਡੀਆਂ ਪਈਆਂ ਇਸ ਤੋਂ ਪਹਿਲਾਂ ਕਿਹੋ ਜਿਹਾ ਮਾਹੌਲ ਸੀ? ਕਿਉਂ ਅੱਜ ਵੀ ਨਨਕਾਣਾ ਸਾਹਿਬ ਨੂੰ ਯਾਦ ਕੀਤਾ ਜਾਂਦਾ ਹੈ? ਅੱਜ ਗੱਲ ਨਨਕਾਣਾ ਸਾਹਿਬ ਦੀ ਨਹੀਂ ਪਾਕਿਸਤਾਨ ਵਿਚ ਸਿੱਖਾਂ ਦੇ ਇਤਿਹਾਸਕ ਸਥਾਨਾਂ ਬਾਰੇ ਵੀ ਕਰਨੀ ਬਣਦੀ ਹੈ। ਭਾਵੇਂ ਕਿ ਸਾਰੇ ਹੀ ਇਨ੍ਹਾਂ ਗੱਲਾਂ ਤੋਂ ਭਲੀ ਪ੍ਰਕਾਰ ਜਾਣੂ ਹਨ, ਪਰ ਇਹ ਲਿਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਬਹੁਤ ਸਾਰੇ ਸਥਾਨ ਐਸੇ ਹਨ ਜੋ ਕਿ ਸਿੱਖੀ ਨਾਲ ਸਬੰਧਤ ਹੋਣ ਦੇ ਬਾਵਜੂਦ ਅਣਗੌਲਿਆ ਕੀਤੇ ਗਏ ਹਨ ਜਾਂ ਅਣਗੌਲਿਆ ਹੋ ਰਹੇ ਹਨ।

ਬਹੁਤ ਸਾਰੇ ਧਾਰਮਿਕ ਅਸਥਾਨਾਂ ਵਿਚੋਂ ਅੱਜ ਅਸੀਂ ਵਰਨਣ ਕਰਾਂਗੇ ਗੁਰਦੁਆਰਾ ਪਹਿਲੀ ਪਾਤਸ਼ਾਹੀ, ਬੁਲਾਣੀ, ਜ਼ਿਲ੍ਹਾ ਲਾੜਕਾਣਾ, ਸਿੰਧ। ਬੁਲਾਣੀ ਸਿੰਧ ਪ੍ਰਾਂਤ ਦਾ ਪ੍ਰਸਿੱਧ ਨਗਰ ਹੈ। ਨਾਨਕ ਪੰਥੀ ਹਿੰਦੂ ਪੁਜਾਰੀ ਹਨ। ਰੋਜ਼ ਪ੍ਰਕਾਸ਼ ਹੁੰਦਾ ਹੈ। ਇਥੇ ਹੀ ਨੂਰ ਨੁਸਰਤ ਨਾਮ ਦੇ ਇਕ ਆਜੜੀ ਨੇ ਆਪ ਵੀ ਸੇਵਾ ਕੀਤੀ ਤੇ ਬਰਕਤਾਂ ਵਾਸਤੇ ਦੁਆ ਪੁੱਛੀ। ਆਪ ਨੇ ਫਰਮਾਇਆ ਸਭ ਬਰਕਤਾਂ ਨੇਕੀ, ਦਇਆ ਅਤੇ ਧਰਮ ਦਾ ਪੱਲਾ ਨਾਂ ਛੱਡਣ ਵਿਚ ਹਨ। ਇਥੇ ਹੀ ਦਾਊਦ ਨਾਮੀ ਇਕ ਜੁਲਾਹੇ ਨੇ ਆਪ ਨੂੰ ਇਕ ਅਨਮੁੱਲਾ, ਗਲੀਚਾ ਪੇਸ਼ ਕੀਤਾ ਤੇ ਆਪ ਨੇ ਉਹ ਗਲੀਚਾ ਇਕ ਤਾਜੀ ਸੂਈ ਕੁੱਤੀ ਤੇ ਬੱਚਿਆਂ ਦੇ ਥੱਲੇ ਵਿਛਾ ਦਿੱਤਾ ਜੋ ਠੰਢ ਵਿਚ ਠਰ ਰਹੇ ਸਨ ਅਤੇ ਫਰਮਾਇਆ ਕਿ ਮੇਰਾ ਗਲੀਚਾ ਤਾਂ ਇਹ ਹਰਿਆ ਭਰਿਆ ਘਾਹ ਹੈ। ਆਪ ਜੀ ਨੇ ਸਮਝਾਉਣਾ ਕੀਤਾ ਕਿ ਸਾਡੀਆਂ ਖੁਸ਼ੀਆਂ ਸਭ ਵਿਅਰਥ ਹਨ ਜੇ ਕੋਲ ਬੈਠਾ ਕੋਈ ਜੀਵ ਦੁੱਖੀ ਹੋਵੇ। ਇਸ ਅਸਥਾਨ ਤੇ ਹੁੰਮ ਹੁੰਮਾ ਕੇ ਸੰਗਤ ਆਉਂਦੀ ਹੈ ਤੇ ਗੁਰੂ ਨਾਨਕ ਦੀਆਂ ਖੁਸ਼ੀਆਂ ਬਟੋਰਦੀ ਹੈ। ਗੁਰੂ ਕਾ ਲੰਗਰ ਵੀ ਚਲਦਾ ਰਹਿੰਦਾ ਹੈ।

ਸਿੰਧ ਵਿਚ ਹੀ ਗੁਰਦੁਆਰਾ ਨਨਕਾਣਾ ਕੰਧਕੋਟ, ਜ਼ਿਲ੍ਹਾ ਜੈਕਬਆਬਾਦ (ਸਿੰਧ) ਪੈਂਦਾ ਹੈ। ਇਹ ਪਾਵਨ ਅਸਥਾਨ ਸੁਨਿਆਰ ਬਾਜ਼ਾਰ ਅੰਦਰ ਸਥਿਤ ਹੈ। ਇਸ ਮੁਹੱਲੇ ਨੂੰ ਨਾਨਕਵਾੜਾ ਵੀ ਆਖਿਆ ਜਾਂਦਾ ਹੈ। ਇਸ ਅਸਥਾਨ ਨੂੰ ਨਾਨਕ ਦਰਬਾਰ ਕਰਕੇ ਵੀ ਜਾਣਿਆ ਜਾਂਦਾ ਹੈ। ਇਥੇ ਧੰਨਾ ਸਿੰਘ ਜੀ ਪੁਜਾਰੀ ਸਨ (ਪਰ ਹੁਣ ਕੌਣ ਹੋ ਇਸ ਬਾਰੇ ਕੋਈ ਪਤਾ ਨਹੀਂ ਚੱਲ ਸਕਿਆ)।

ਦਰਬਾਰ ਦੇ ਨਾਲ ਕਾਲੀ ਮਾਤਾ ਦਾ ਮੰਦਰ, ਸ੍ਰੀ ਰਾਮ ਜੀ ਦਾ ਮੰਦਰ ਤੇ ਹਨੂੰਮਾਨ ਜੀ ਦਾ ਮੰਦਰ ਵੀ ਸਥਿਤ ਹੈ। ਇਹਨਾਂ ਸਾਰਿਆਂ ਤੇ ਪੂਜਾ ਹੁੰਦੀ ਹੈ (ਵੇਰਵਾ : ਇਕਬਾਲ ਕੈਸਰ ਜੀ ਦੀ ਕਿਤਾਬ ਪਾਕਿਸਤਾਨ ਵਿਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ) ਦਿਵਾਲੀ, ਜਨਮ ਅਸ਼ਟਮੀ ਅਤੇ ਗੁਰਪੁਰਬ ਸਤਿਗੁਰ ਨਾਨਕ ਦੇਵ ਜੀ ਤੇ ਭਾਰੀ ਦੀਵਾਨ ਸੱਜਦੇ ਹਨ। ਇਥੇ ਸੰਗਤਾਂ ਦੀ ਗਿਣਤੀ ਹਜ਼ਾਰਾਂ ਵਿਚ ਹੁੰਦੀ ਹੈ। ਦਰਬਾਰ ਹੀ ਬਹੁਤ ਸੁਹਣਾ ਅਤੇ ਦੋ ਮੰਜ਼ਲਾਂ ਬਣਿਆ ਹੋਇਆ ਹੈ। ਭਾਵੇਂ ਕਿ ਕਾਫੀ ਸਦੀਆਂ ਬੀਤ ਗਈਆਂ ਹਨ ਪਰ ਸੰਗਤ ਦਾ ਅੱਜ ਵੀ ਗੁਰੂ ਨਾਨਕ ਦੇਵ ਜੀ ਨਾਲ ਅਥਾਹ ਪਿਆਰ ਤੇ ਸਤਿਕਾਰ ਬਰਕਰਾਰ ਹੈ।

**ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥**

**ਪਾਰਬ੍ਰਹਮ ਆਪਣੀ ਨਿਜ ਇੱਛਾ ਅਨੁਸਾਰ ਹੀ ਆਪਣੇ ਸਰਗੁਣ ਸਰੂਪ ਧਾਰਨ ਕਰਦਾ ਹੈ ਅਤੇ ਜਗਤ ਨੂੰ ਪੈਦਾ ਕਰਨ ਅਤੇ ਪਾਲਣਾ ਕਰਨ ਦੀ ਮਰਿਆਦਾ ਵੀ ਆਪੇ ਹੀ ਕਰਦਾ ਹੈ। ਅਵਤਾਰ ਧਾਰ ਕੇ ਦੁਸ਼ਟਾਂ ਦਾ ਨਾਸ਼ ਵੀ ਕਰਦਾ ਹੈ ਅਤੇ ਸੰਤ ਜਨਾਂ ਨੂੰ ਨਿਜੀ ਸਰੂਪ ਦਾ ਗਿਆਨ ਵੀ ਬਖਸ਼ਦਾ ਹੈ। ਫਿਰ ਉਹੀ ਨਿਰ ਇੱਛਾ ਹੋ ਕੇ ਆਪਣਾ ਨਿਰਗੁਣ ਰੂਪ ਧਾਰ ਲੈਂਦਾ ਹੈ ਅਤੇ ਅਕਾਰ ਨੂੰ ਵਿਲੀਨ ਕਰ ਲੈਂਦਾ ਹੈ। ਇਹ ਬਿਲਕੁਲ ਇਸ ਤਰ੍ਹਾਂ ਹੈ, ਜਿਵੇਂ ਕੋਈ ਰਾਜਾ ਆਪਣੀ ਇੱਛਾ ਅਨੁਸਾਰ ਵਸਤਰ ਸ਼ਸਤਰ ਪਹਿਨ ਕੇ ਆਪਣੀ ਸਭਾ ਵਿਚ ਖੁਸ਼ੀ ਸਹਿਤ ਆਣ ਬੈਠੇ। ਪਰ ਜਦੋਂ ਉਸ ਦੀ ਇੱਛਾ ਹੁੰਦੀ ਹੈ, ਉਹ ਸਭ ਸਭਾ ਨੂੰ ਤਿਆਗ ਕੇ, ਬਸਤਰ ਸ਼ਸਤਰ ਤਿਆਗ ਦੇਵੇ ਅਤੇ ਇਕੱਲਾ ਹੋ ਕੇ ਆਪਣੀ ਸੇਜਾਂ ਉੱਪਰ ਅਰਾਮ ਕਰੇ। ਉਸ ਸਮੇਂ, ਉਸ ਨੂੰ ਕੋਈ ਨਹੀਂ ਦੇਖ ਸਕਦਾ। ਪਰ ਰਾਜੇ ਕੋਲ ਫਰਿਆਦਾਂ (ਅਰਦਾਸਾਂ) ਕਰਨ ਵਾਲੇ ਨਿਰੰਤਰ ਉਸ ਦਾ ਨਾਮ ਲੈ ਕੇ, ਰਾਜ ਹੁੰਦੇ ਹਨ ਅਤੇ ਮਹਿਮਾ ਕਰਦੇ ਹਨ। ਰਾਜਾ ਭਾਵੇਂ ਸਭਾ ਵਿਚ ਹੋਵੇ ਜਾਂ ਮਹਿਲਾਂ ਦੇ ਅੰਦਰ ਹੋਵੇ, ਪਰ ਉਹ ਸਭ ਦੀਆਂ ਫਰਿਆਦਾਂ ਵੀ ਸੁਣਦਾ ਹੈ, ਮਹਿਮਾ ਵੀ ਸੁਣਦਾ ਹੈ ਅਤੇ ਨਿਆਂ ਵੀ ਕਰਦਾ ਹੈ। ਬੱਸ ਗੁਰੂ ਨਾਨਕ ਦੇਵ ਜੀ ਨੇ, ਆਪਣੇ ਸਿੱਖ ਵਾਸਤੇ ਉਪਾਸਨਾ ਕਰਨ ਦੀ ਮਰਿਆਦਾ ਇਸੇ ਤਰ੍ਹਾਂ ਦੀ ਦਰਸਾਈ ਹੈ। ਸਿੱਖ ਨੇ ਪ੍ਰਭੂ ਦਾ ਨਾਮ ਦੋਵਾਂ ਰੂਪਾਂ ਵਿਚ ਹੀ ਸਿਮਰਨਾ ਹੈ, ਨਿਰਗੁਣ ਵੀ ਤੇ ਸਰਗੁਣ ਵੀ। ਸਰਗੁਣ ਰੂਪ ਵਿਚ ਉਸ ਦਾ ਨਾਮ ਸਤਸੰਗ ਵਿਚੋਂ ਸੁਣਨ ਨਾਲ ਵੀ ਉਹ ਪ੍ਰਸੰਨ ਹੁੰਦਾ ਹੈ ਅਤੇ ਨਿਰਗੁਣ ਰੂਪ ਵਿਚ ਨਾਮ ਜਪਣ ਨਾਲ ਵੀ ਉਹ ਆਤਮ ਗਿਆਨ ਬਖਸ਼ਦਾ ਹੈ।**

# ਭੁੱਖੇ ਢਿੱਡ ਜ਼ਿੰਦਗੀ ਦਾ ਸਫ਼ਰ

ਗੁਰਮੀਤ ਸਿੰਘ ਪਲਾਹੀ

**ਅੱਜ ਦੇਸ਼ ਵਿੱਚ ਅਰਾਜਕਤਾ ਜਿਹਾ ਮਾਹੌਲ ਗਰੀਬੀ, ਭੁੱਖਮਰੀ, ਬੇਰਜ਼ੁਗਾਰੀ ਦੀ ਪੈਦਾਇਸ਼ ਹੈ। ਗਰੀਬ ਹੋਰ ਗਰੀਬ ਅਤੇ ਅਮੀਰ ਹੋਰ ਅਮੀਰ ਹੋ ਰਹੇ ਹਨ। ਕਿਹੋ ਜਿਹੀ ਵਿੰਡਬਨਾ ਹੈ ਕਿ ਇੱਕ ਪਾਸੇ ਲੋਕਾਂ ਨੂੰ ਭੋਜਨ ਦੀ ਘਾਟ ਕਾਰਨ ਮੌਤ ਦੇ ਲੜ ਲੱਗਣਾ ਪੈ ਰਿਹਾ ਹੈ, ਉਹਨਾ ਨੂੰ ਡੰਗ ਭਰ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ, ਦੂਜੇ ਪਾਸੇ ਸੰਸਕ੍ਰਿਤੀ, ਰਿਵਾਜ਼ਾਂ ਕਾਰਨ, ਸੈਂਕੜੇ ਟਨ ਭੋਜਨ ਸ਼ਾਹੀ ਤਰੀਕੇ ਨਾਲ ਵਿਆਹਾਂ, ਉਤਸਵਾਂ ਸਮੇਂ ਜੂਠ ਵਜੋਂ ਬਾਹਰ ਸੁੱਟ ਦਿੱਤਾ ਜਾਂਦਾ ਹੈ।**

ਵਿਸ਼ਵ ਭੁੱਖ ਸੂਚਕਾਂਕ-2023 ਨੂੰ ਪੜ੍ਹੋ। ਅੰਕੜੇ ਦਿਲ ਕੰਬਾਊ ਹਨ। ਬਾਵਜੂਦ ਇਸ ਗੱਲ ਦੇ ਕਿ ਦੁਨੀਆ ਭਰ ਵਿੱਚ ਮਨੁੱਖ ਲਈ ਲੋੜੀਂਦੇ ਭੋਜਨ ਦੀ ਪੈਦਾਵਾਰ ਹੋ ਰਹੀ ਹੈ, ਫਿਰ ਵੀ ਦੁਨੀਆ ਦੀ ਕੁੱਲ ਆਬਾਦੀ ਦੇ 10 ਫ਼ੀਸਦੀ ਲੋਕ ਭੁੱਖਮਰੀ ਦੇ ਸ਼ਿਕਾਰ ਹਨ। ਭਾਵ ਉਹਨਾ ਨੂੰ ਪੇਟ ਭਰਕੇ ਰੋਟੀ ਨਹੀਂ ਮਿਲਦੀ।

ਦੁਨੀਆ 'ਚ ਵੱਡੀਆਂ ਤਰੱਕੀਆਂ ਕਰਨ ਦੇ ਦਾਅਵੇ ਕਰਨ ਵਾਲੇ ਦੇਸ਼ ਭਾਰਤ ਦੇ ਹਾਲਾਤ ਤਾਂ ਹੋਰ ਵੀ ਭੈੜੇ ਹਨ। ਭੁੱਖ ਸੂਚਕਾਂਕ-2023 ਰਿਪੋਰਟ 'ਚ 125 ਦੇਸ਼ਾਂ ਦੇ ਅੰਕੜੇ ਇਕੱਠੇ ਕੀਤੇ ਗਏ। ਭੁੱਖਮਰੀ 'ਚ ਭਾਰਤ ਦਾ ਸਥਾਨ 111ਵਾਂ ਹੈ। ਵਿਸ਼ਵ ਦੇ ਭੁੱਖਮਰੀ ਸ਼ਿਕਾਰ ਕੁੱਲ 10 ਫੀਸਦੀ ਦੇ ਮੁਕਾਬਲੇ ਭਾਰਤ ਦੇ 16.6 ਫੀਸਦੀ ਲੋਕਾਂ ਨੂੰ ਪੇਟ ਭਰਕੇ ਖਾਣਾ ਨਹੀਂ ਮਿਲਦਾ। ਭਾਰਤੀ ਬੱਚਿਆਂ ਦਾ ਅੰਕੜਾ ਤਾਂ 18.7 ਫੀਸਦੀ ਹੈ, ਜਿਹਨਾ ਨੂੰ ਲੋੜੀਂਦੇ ਤੱਤਾਂ ਵਾਲਾ ਭੋਜਨ ਪ੍ਰਾਪਤ ਨਹੀਂ ਹੁੰਦਾ ਅਤੇ 15 ਤੋਂ 24 ਸਾਲ ਦੀਆਂ 58.1 ਫੀਸਦੀ ਔਰਤਾ ਤਾਂ ਅਨੀਮੀਆਂ (ਖੂਨ ਦੀ ਕਮੀ) ਦਾ ਸ਼ਿਕਾਰ ਹਨ। ਭਾਰਤ ਤੋਂ ਹੇਠ ਮੋਜ਼ੰਮਬੀਕ, ਅਫਗਾਨਿਸਤਾਨ, ਹੇਤੀ, ਲਾਇਬੇਰੀਆ, ਨਾਈਗਰ, ਸੋਮਾਲੀਆ, ਦੱਖਣੀ ਸੂਡਾਨ ਆਦਿ 17 ਦੇਸ਼ਾਂ ਹਨ, ਜਦਕਿ ਉੱਪਰ 107 ਦੇਸ਼ ਹਨ। ਰੈਂਕਿੰਗ ਵਿੱਚ ਸਭ ਤੋਂ ਉੱਪਰ ਬੈਲਾਰੂਸ, ਬੋਸਨੀਆ, ਚੀਨ ਆਦਿ ਹਨ। ਜਦਕਿ ਭੁੱਖਮਰੀ ਦੇ ਮਾਮਲੇ 'ਤੇ ਪਾਕਿਸਤਾਨ, ਬੰਗਲਾਦੇਸ਼, ਸ਼੍ਰੀਲੰਕਾ, ਨੇਪਾਲ ਦੀ ਸਥਿਤੀ ਭਾਰਤ ਨਾਲੋਂ ਬਿਹਤਰ ਹੈ।

ਭੁੱਖ ਸੂਚਕਾਂਕ ਤਹਿ ਕਰਦਾ ਹੈ ਕਿ ਕਿਸੇ ਦੇਸ਼ ਵਿੱਚ ਭੁੱਖਮਰੀ ਅਤੇ ਕੁਪੋਸ਼ਣ ਦੀ ਕੀ ਸਥਿਤੀ ਹੈ। ਇਸ ਵਾਸਤੇ ਚਾਰ ਮਾਪਦੰਡ ਲਏ ਜਾਂਦੇ ਹਨ, ਕੁਪੋਸ਼ਨ, ਬੱਚਿਆਂ ਦੀ ਮਰਨ ਦਰ, ਬਾਲ ਕੁਪੋਸ਼ਨ, ਅਤੇ ਚਾਈਲਡ ਵੇਸਟਿੰਗ ਭਾਵ ਬੱਚੇ ਦਾ ਆਪਣੀ ਉਮਰ ਦੇ ਹਿਸਾਬ ਨਾਲ ਬਹੁਤ ਜ਼ਿਆਦਾ ਪਤਲਾ ਜਾਂ ਕਮਜ਼ੋਰ ਹੋਣਾ। ਭਾਰਤ ਸਾਲ 2022 ਵਿੱਚ 121 ਦੇਸ਼ਾਂ ਦੀ ਸ਼੍ਰੇਣੀ ਵਿੱਚ 107ਵੇਂ ਥਾਂ 'ਤੇ ਸੀ ਜਦਕਿ 2021 ਵਿੱਚ ਇਸਦਾ ਥਾਂ 101ਵਾਂ ਸੀ ਅਤੇ 2020 ਵਿੱਚ 94ਵਾਂ ਸਥਾਨ ਸੀ। ਇਸ ਵੇਰ 125 ਦੇਸ਼ਾਂ 'ਚ ਇਸਦਾ ਸਥਾਨ ਹੋਰ ਥੱਲੇ ਆ ਗਿਆ ਤੇ ਇਹ ਸਥਾਨ ਖਿਸਕੇ 111 ਤੱਕ ਪਹੁੰਚ ਗਿਆ। ਇਸ ਰਿਪੋਰਟ ਅਨੁਸਾਰ ਭਾਰਤ ਦਾ ਭੁੱਖ ਦਾ ਪੱਧਰ 28.7 ਅੰਕ ਹੈ ਜੋ ਗੰਭੀਰ ਸਥਿਤੀ ਦਰਸਾਉਂਦਾ ਹੈ ਅਤੇ ਚਾਈਲਡ ਵੇਸਟਿੰਗ ਦੀ ਦਰ 18.7 ਹੈ, ਜੋ ਬਹੁਤ ਜ਼ਿਆਦਾ ਕੁਪੋਸ਼ਣ ਵੱਲ ਸੰਕੇਤ ਕਰਦੀ ਹੈ। ਇਹ ਰਿਪੋਰਟ ਦੋ ਯੂਰਪੀਅਨ ਏਜੰਸੀਆਂ ਵਲੋਂ 12 ਅਕਤੂਬਰ ਅਤੇ 13 ਅਕਤੂਬਰ 2023 ਨੂੰ ਜਾਰੀ ਕੀਤੀ ਗਈ। ਭਾਰਤ ਦੀ ਸਰਕਾਰ ਨੇ ਇਹਨਾਂ ਰਿਪੋਰਟਾਂ ਨੂੰ ਪ੍ਰਵਾਨ ਨਹੀਂ ਕੀਤਾ।

ਮਨੁੱਖ ਨੂੰ ਜੀਊਣ ਲਈ ਰੋਟੀ, ਕੱਪੜਾ ਅਤੇ ਮਕਾਨ ਚਾਹੀਦਾ ਹੈ। ਇਸ ਵਿੱਚੋਂ ਸਭ ਤੋਂ ਮਹੱਤਵਪੂਰਨ ਰੋਟੀ ਭਾਵ ਭੋਜਨ ਹੈ। ਕਿਸੇ ਵੀ ਹਕੂਮਤ ਦਾ ਪਹਿਲਾ ਫਰਜ਼ ਆਪਣੇ ਨਾਗਰਿਕਾਂ ਲਈ ਭੋਜਨ ਪ੍ਰਦਾਨ ਕਰਨਾ ਹੈ।

ਖੇਤੀ ਦੇ ਉਤਪਾਦਨ ਖੇਤਰ 'ਚ ਭਾਰਤ ਆਤਮ ਨਿਰਭਰ ਮੰਨਿਆ ਜਾਂਦਾ ਹੈ। ਕਿਹਾ ਇਹ ਵੀ ਜਾ ਰਿਹਾ ਹੈ ਕਿ ਭਾਰਤ ਦੇ ਨਾਗਰਿਕਾਂ ਦੀ ਪ੍ਰਤੀ ਵਿਅਕਤੀ ਆਮਦਨ ਵਧੀ ਹੈ। ਪਰ ਇਸਦੇ ਬਾਵਜੂਦ ਵੀ ਲੱਖਾਂ ਬੱਚੇ ਅਤੇ ਔਰਤਾਂ ਭੁੱਖਮਰੀ ਦਾ ਸ਼ਿਕਾਰ ਹਨ। ਇੰਜ ਜਾਪਦਾ ਹੈ ਕਿ ਭਾਰਤ ਦੀ ਮੁੱਖ ਸਮੱਸਿਆ ਖਾਧ ਉਤਪਾਦਨ ਨਹੀਂ ਹੈ, ਸਗੋਂ ਭੈੜੀ ਵੰਡ ਪ੍ਰਣਾਲੀ ਅਤੇ ਨਾ ਬਰਾਬਰੀ ਵਾਲੀ ਵੰਡ ਪ੍ਰਣਾਲੀ ਹੈ। ਜਿਵੇਂ ਕਹਿਣ ਨੂੰ ਤਾਂ ਦੇਸ਼ ਵਿੱਚ ਸਿੱਖਿਆ ਸਭ ਲਈ ਲਾਜ਼ਮੀ ਹੈ, ਪਰ ਬਰਾਬਰ ਦੀ ਸਿੱਖਿਆ ਸਭ ਨੂੰ ਨਹੀਂ ਮਿਲਦੀ। ਸਭ ਲਈ ਲਾਜ਼ਮੀ ਅਤੇ ਸਭ ਲਈ ਬਰਾਬਰ ਦੀ ਸਿੱਖਿਆ 'ਚ ਵੱਡਾ ਫ਼ਰਕ ਹੈ। ਇਹੋ ਹਾਲ ਖੁਰਾਕ ਵੰਡ ਦੇ ਮਾਮਲੇ 'ਚ ਹੈ। ਵੰਡ ਪ੍ਰਣਾਲੀ ਦੇ ਦੋਸ਼ ਕਾਰਨ ਹੀ ਸਾਰਿਆਂ ਨੂੰ ਉਹਨਾਂ ਦੀ ਲੋੜ ਅਨੁਸਾਰ ਭੋਜਨ ਨਹੀਂ ਮਿਲ ਰਿਹਾ। ਹਾਲਾਂਕਿ ਦੇਸ਼ 'ਚ ਸਭ ਲਈ ਭੋਜਨ ਦੋ ਤਿਹਾਈ ਆਬਾਦੀ ਵਾਸਤੇ ਨੈਸ਼ਨਲ ਫੂਡ ਸਕਿਉਰਿਟੀ ਐਕਟ-2013 'ਚ ਬਣਿਆ ਅਤੇ ਇਸ ਕਾਨੂੰਨ ਤਹਿਤ 80 ਕਰੋੜ ਤੋਂ ਵੱਧ ਲੋਕ ਲਗਭਗ ਮੁਫ਼ਤ ਕਣਕ, ਚਾਵਲ ਆਦਿ ਪ੍ਰਾਪਤ ਕਰਦੇ ਹਨ।

ਇੱਕ ਤੱਥ ਇਹ ਵੀ ਹੈ ਕਿ ਅੰਦਾਜ਼ੇ ਅਨੁਸਾਰ ਭਾਰਤ ਦਾ ਲਗਭਗ 40 ਫ਼ੀਸਦੀ ਭੋਜਨ ਬਰਬਾਦ ਹੋ ਜਾਂਦਾ ਹੈ। 30 ਫ਼ੀਸਦੀ ਸਬਜ਼ੀਆਂ ਅਤੇ ਫਲ ਭੰਡਾਰਨ ਦੀ ਕਮੀ ਕਾਰਨ ਖਰਾਬ ਹੋ ਜਾਂਦੇ ਹਨ ਅਤੇ ਸੈਂਕੜੇ

ਟਨ ਖਾਣ ਵਾਲੀਆਂ ਚੀਜ਼ਾਂ ਅਸੁੱਰਖਿਅਤ ਗੋਦਾਮਾਂ ਵਿੱਚ ਸੜ ਜਾਂਦੀਆਂ ਹਨ।

ਇੱਕ ਪਾਸੇ ਤਾਂ ਇਹ ਭੁੱਖ ਸੂਚਕਾਂਕ ਰਿਪੋਰਟ-2023 ਛਾਇਆ ਹੋਈ ਹੈ। ਦੂਜੇ ਪਾਸੇ ਇੱਕ ਹੋਰ ਰਿਪੋਰਟ ਗਰੀਬੀ ਸੂਚਕਾਂਕ ਸਬੰਧੀ ਸੰਯੁਕਤ ਰਾਸ਼ਟਰ ਵਲੋਂ ਛਾਪੀ ਗਈ ਹੈ, ਜਿਸ ਅਨੁਸਾਰ ਭਾਰਤ ਵਿੱਚ 2005-06 ਤੋਂ 2019 -21 ਦੇ ਵਿਚਕਾਰ 41.5 ਕਰੋੜ ਗਰੀਬੀ ਤੋਂ ਬਾਹਰ ਨਿਕਲੇ ਹਨ। ਇਸ ਰਿਪੋਰਟ ਅਨੁਸਾਰ ਭਾਰਤ ਵਿੱਚ 2005-06 ਵਿੱਚ ਲਗਭਗ 6.45 ਕਰੋੜ ਲੋਕ ਗਰੀਬੀ ਰੇਖਾ ਦੇ ਹੇਠ ਜੀਵਨ ਗੁਜਾਰ ਰਹੇ ਹਨ। ਇਹ ਗਿਣਤੀ 2015-16 'ਚ ਘੱਟ ਕੇ 3.70 ਕਰੋੜ ਰਹਿ ਗਈ ਅਤੇ 2019-21 ਵਿੱਚ 2.30 ਕਰੋੜ ਹੀ ਰਹਿ ਗਈ ਹੈ। ਇਹ ਅੰਕੜੇ ਤਾਂ ਫਿਰ ਇਹ ਸਿੱਧ ਕਰਦੇ ਹਨ ਕਿ ਭਾਰਤ ਵਿੱਚ ਗਰੀਬੀ ਦੇ ਪੱਧਰ 'ਚ ਕਮੀ ਆਈ ਹੈ। ਰਿਪੋਰਟ 'ਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਭਾਰਤ ਵਿੱਚ ਸਭ ਤੋਂ ਵੱਧ ਗਰੀਬ ਰਾਜਾਂ ਵਿੱਚ ਜਿਆਦਾ ਬੱਚੇ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਲੋਕ ਸ਼ਾਮਿਲ ਹਨ, ਦੀ ਸਥਿਤੀ 'ਚ ਸੁਧਾਰ ਹੋਇਆ ਹੈ।

ਪਰ ਆਓ ਇਹਨਾ ਰਿਪੋਰਟਾਂ ਦਾ ਵਿਸ਼ਲੇਸ਼ਣ ਕਰੀਏ। ਇਹ ਦੋਵੇਂ ਰਿਪੋਰਟਾਂ ਪਰਸਪਰ ਵਿਰੋਧੀ ਹਨ। ਸਵਾਲ ਇਹ ਹੈ ਕਿ ਜੇਕਰ ਗਰੀਬੀ ਪੱਧਰ 'ਚ ਸੁਧਾਰ ਹੋਇਆ ਹੈ ਤਾਂ ਭੁੱਖਮਰੀ 'ਚ ਭਾਰਤ ਦੀ ਥਾਂ ਥੱਲੇ ਕਿਉਂ ਗਈ ਹੈ? ਗਰੀਬੀ ਘੱਟ ਹੋਈ ਹੈ ਤਾਂ ਭੁੱਖਮਰੀ ਵੀ ਘੱਟ ਹੋਣੀ ਚਾਹੀਦੀ ਸੀ।

ਭਾਰਤ ਵਿੱਚ ਲਗਭਗ 65 ਫ਼ੀਸਦੀ ਆਬਾਦੀ ਪੇਂਡੂ ਹੈ। 54.6 ਫ਼ੀਸਦੀ ਕਾਮੇ ਖੇਤੀ ਨਾਲ ਸਬੰਧਿਤ ਕਿੱਤਿਆਂ 'ਚ ਜੁੜੇ ਹਨ। ਦੇਸ਼ ਵਿੱਚ ਲਗਭਗ 80 ਫ਼ੀਸਦੀ ਕਿਸਾਨ ਛੋਟੇ ਕਿਸਾਨ ਹਨ, ਜਿਹਨਾ ਕੋਲ ਤਿੰਨ ਏਕੜ ਤੋਂ ਵੀ ਘੱਟ ਜ਼ਮੀਨ ਹੈ। ਇਹ ਕਿਸਾਨ ਖੇਤੀ ਦੀ ਲਗਾਤਾਰ ਵਧਦੀ ਲਾਗਤ ਕਾਰਨ ਗਰੀਬੀ ਅਤੇ ਕਰਜ਼ੇ 'ਚ ਡੁੱਬਦੇ ਜਾ ਰਹੇ ਹਨ।

ਜੇਕਰ ਖੇਤੀ ਅਤੇ ਦੂਜੇ ਖੇਤਰ ਦੇ ਅੰਕੜਿਆਂ ਨੂੰ ਨਿਰਖਿਆ-ਪਰਖਿਆ ਜਾਵੇ ਤਾਂ ਇਹ ਵੇਖਣ ਨੂੰ ਮਿਲੇਗਾ ਕਿ ਕਿਸਾਨ ਖੇਤੀ ਤੋਂ ਜੋ ਕੁਝ ਕਮਾਉਂਦੇ ਹਨ, ਉਸਤੋਂ ਜ਼ਿਆਦਾ ਡੀਜ਼ਲ-ਪੈਟਰੋਲ, ਖਾਦ, ਕੀਟਨਾਸ਼ਕਾਂ, ਘਰ ਦੇ ਖ਼ਰਚ,ਬੱਚਿਆਂ ਦੀ ਪੜ੍ਹਾਈ ਤੋਂ ਲੈ ਕੇ ਦਵਾ ਦਾਰੂ ਉੱਤੇ ਖ਼ਰਚ ਹੋ ਰਿਹਾ ਹੈ। ਖੇਤੀ ਖੇਤਰ ਨਾਲ ਸਬੰਧਤ ਲੋਕ ਮਜ਼ਬੂਰਨ ਗਰੀਬੀ ਕਾਰਨ, ਇਥੋਂ ਤੱਕ ਕਿ ਦੋ ਟੁੱਕ ਰੋਟੀ ਨਸੀਬ ਨਾ ਹੋਣ ਕਾਰਨ ਖੁਦਕੁਸ਼ੀ ਕਰਨ ਲਈ ਮਜ਼ਬੂਰ ਹੋ ਜਾਂਦੇ ਹਨ। ਜੇਕਰ ਅੰਨਦਾਤੇ ਦਾ ਇਹ ਹਾਲ ਹੈ ਤਾਂ ਹੋਰ ਮਜ਼ਦੂਰ ਤਬਕੇ ਦਾ ਹਾਲ ਕਿਸ ਤਰ੍ਹਾਂ ਦਾ ਹੋਏਗਾ, ਇਸਦੀ ਤਸਵੀਰ ਕਰੋਨਾ ਕਾਲ ਸਮੇਂ ਦੇਸ਼ ਵੇਖ ਚੁੱਕਾ ਹੈ, ਜਦੋਂ ਸਿਹਤ ਸਹੂਲਤਾਂ, ਭੋਜਨ ਦੀ ਘਾਟ, ਬੀਮਾਰੀ ਦੀ ਬਹੁਤਾਤ ਦੇ ਹੁੰਦਿਆਂ ਲੋਕ ਅਣਿਆਈ ਮੌਤੇ ਮਰੇ ਅਤੇ ਉਹਨਾਂ ਨੂੰ ਕਫ਼ਨ, ਜਾਂ ਦੋ ਗਜ ਜ਼ਮੀਨ ਵੀ ਨਾ ਮਿਲੀ। ਉਹਨਾਂ ਨੂੰ ਦਰਿਆਵਾਂ ਦੇ ਪਾਣੀਆਂ 'ਚ ਵਹਾਉਣ ਲਈ ਰਿਸ਼ਤੇਦਾਰ ਮਜ਼ਬੂਰ ਹੋ ਗਏ। ਕੋਰੋਨਾਂ ਕਾਲ ਸਮੇਂ ਗਰੀਬੀ ਅਤੇ ਭੁੱਖਮਰੀ ਦੀ ਇੰਤਹਾ ਦੇਸ਼ 'ਚ ਵੇਖਣ ਨੂੰ ਮਿਲੀ।

ਸਪਸ਼ੱਟ ਹੈ ਕਿ ਅੱਜ ਵੀ ਦੇਸ਼ 'ਚ ਗਰੀਬੀ ਅਤੇ ਭੁੱਖਮਰੀ ਕਾਫੀ ਹੱਦ ਤੱਕ ਖੇਤੀ ਖੇਤਰ 'ਤੇ ਨਿਰਭਰ ਹੈ। ਇਸ ਗੱਲ ਤੋਂ ਕਿਵੇਂ ਇਨਕਾਰ ਕੀਤਾ ਜਾ ਸਕਦਾ ਹੈ ਕਿ ਅੱਜ ਵੀ ਭਾਰਤੀ ਕਿਸਾਨ ਘੱਟ ਜ਼ਮੀਨ, ਮਾਨਸੂਨ 'ਤੇ ਨਿਰਭਰਤਾ, ਸਿੰਚਾਈ ਦੇ ਪਰੰਪਰਾਗਤ ਸਾਧਨਾਂ, ਵਿੱਤੀ ਔਕੜਾਂ ਅਤੇ ਸਰਕਾਰ ਦੀ ਖੇਤੀ ਖੇਤਰ ਨੂੰ ਉਤਸ਼ਾਹਤ ਕਰਨ ਪ੍ਰਤੀ ਸੁਸਤੀ ਜਿਹੀਆਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਗਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ, ਸਮਾਜਿਕ ਅਤੇ ਲਿੰਗਿਕ ਨਾ ਬਰਾਬਰੀ, ਸਿਹਤ ਅਤੇ ਵਾਤਾਵਰਨ ਪ੍ਰਤੀ ਜਾਗਰੂਕਤਾ ਦੀ ਕਮੀ ਨੇ ਵੀ ਦੇਸ਼ ਨੂੰ ਸ਼ਕੰਜੇ 'ਚ ਲਿਆ ਹੋਇਆ ਹੈ। ਗਰੀਬੀ ਅਤੇ ਬੇਰੁਜ਼ਗਾਰੀ ਕਾਰਨ ਦੇਸ਼ ਦੀ ਜਨਸੰਖਿਆਂ ਦਾ ਵੱਡਾ ਹਿੱਸਾ ਸਿਹਤ, ਦੇਖ ਭਾਲ, ਸਿੱਖਿਆ, ਸਾਫ-ਸਫਾਈ ਆਦਿ ਪੱਖਾਂ ਨੂੰ ਗੈਰ-ਜ਼ਰੂਰੀ ਸਮਝ ਕੇ ਪਾਸੇ ਕਰ ਦਿੰਦਾ ਹੈ। ਇਸਦੇ ਨਾਲ ਹੀ ਰੁਜ਼ਗਾਰ ਦੀ ਭਾਲ 'ਚ ਇੱਕ ਥਾਂ ਤੋਂ ਦੂਜੀ ਥਾਂ ਭਟਕਦੇ ਅਸਥਾਈ ਮਜ਼ਦੂਰ ਭੈੜੇ ਵਾਤਾਵਰਨ 'ਚ ਰਹਿਣ ਲਈ ਮਜ਼ਬੂਰ ਹੁੰਦੇ ਹਨ ਜੋ ਉਸਦੀ ਸਿਹਤ ਅਤੇ ਚੰਗੇ ਵਾਤਾਵਰਨ ਦੀ ਦ੍ਰਿਸ਼ਟੀ ਤੋਂ ਉਸ ਉੱਤੇ ਨਾਂਹ ਪੱਖੀ ਪ੍ਰਭਾਵ ਪਾਉਂਦੇ ਹਨ।

ਅੱਜ ਦੇਸ਼ ਵਿੱਚ ਅਰਾਜਕਤਾ ਜਿਹਾ ਮਾਹੌਲ ਗਰੀਬੀ, ਭੁੱਖਮਰੀ, ਬੇਰਜ਼ੁਗਾਰੀ ਦੀ ਪੈਦਾਇਸ਼ ਹੈ। ਗਰੀਬ ਹੋਰ ਗਰੀਬ ਅਤੇ ਅਮੀਰ ਹੋਰ ਅਮੀਰ ਹੋ ਰਹੇ ਹਨ। ਕਿਹੋ ਜਿਹੀ ਵਿੰਡਬਨਾ ਹੈ ਕਿ ਇੱਕ ਪਾਸੇ ਲੋਕਾਂ ਨੂੰ ਭੋਜਨ ਦੀ ਘਾਟ ਕਾਰਨ ਮੌਤ ਦੇ ਲੜ ਲੱਗਣਾ ਪੈ ਰਿਹਾ ਹੈ, ਉਹਨਾ ਨੂੰ ਡੰਗ ਭਰ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ, ਦੂਜੇ ਪਾਸੇ ਸੰਸਕ੍ਰਿਤੀ, ਰਿਵਾਜ਼ਾਂ ਕਾਰਨ, ਸੈਂਕੜੇ ਟਨ ਭੋਜਨ ਸ਼ਾਹੀ ਤਰੀਕੇ ਨਾਲ ਵਿਆਹਾਂ, ਉਤਸਵਾਂ ਸਮੇਂ ਜੂਠ ਵਜੋਂ ਬਾਹਰ ਸੁੱਟ ਦਿੱਤਾ ਜਾਂਦਾ ਹੈ।

ਅੱਜ ਜਾਤ ਪਾਤ ਅਤੇ ਧਰਮ ਦੇ ਨਾਂਅ ਉੱਤੇ ਰਾਖਵਾਂਕਰਨ ਦੇਣ ਦੀਆਂ ਗੱਲਾਂ ਹੋ ਰਹੀਆਂ ਹਨ! ਕੀ ਗਰੀਬੀ ਅਤੇ ਭੁੱਖਮਰੀ ਰਾਖਵਾਂਕਰਨ ਦਾ ਅਧਾਰ ਨਹੀਂ ਬਣ ਸਕਦੀ? ਕੀ ਸਮਾਜ ਵਿਚੋਂ ਨਾ ਬਰਾਬਰੀ ਖ਼ਤਮ ਕੀਤਿਆਂ ਸਭ ਲਈ ਭੋਜਨ ਦੀ ਅਤੇ ਚੰਗੇ ਭੋਜਨ ਦੀ ਵਿਵਸਥਾ ਨਹੀਂ ਹੋ ਸਕਦੀ?

ਬਿਨ੍ਹਾਂ ਸ਼ੱਕ ਦੇਸ਼ ਦਾ ਡਿਜ਼ੀਟਲ ਹੋਣਾ ਸਮੇਂ ਦੀ ਲੋੜ ਹੈ, ਪਰ ਉਸ ਤੋਂ ਵੀ ਜ਼ਿਆਦਾ ਲੋੜ ਹਰੇਕ ਨਾਗਰਿਕ ਲਈ ਬਿਨ੍ਹਾਂ ਕਿਸੇ ਭੇਦਭਾਵ ਦੇ ਭੋਜਨ ਪ੍ਰਾਪਤ ਕਰਨ ਦਾ ਅਧਿਕਾਰ ਹੈ।

ਅੱਜ ਦੇਸ਼ ਵਿੱਚ 'ਸਭ ਕਾ ਸਾਥ, ਸਭ ਕਾ ਵਿਕਾਸ' ਦਾ ਨਾਹਰਾ ਗੂੰਜਦਾ ਹੈ, ਭੁੱਖਮਰੀ ਗਰੀਬੀ ਤੋਂ ਛੁਟਕਾਰੇ ਦਾ ਨਾਹਰਾ ਕਦੋਂ ਗੂੰਜੇਗਾ, ਇਸਦੀ ਉਡੀਕ ਹੈ।

ਮਹਾਤਮਾ ਗਾਂਧੀ ਦਾ ਕਥਨ ਧਿਆਨਯੋਗ ਹੈ, "ਜੋ ਸਭ ਤੋਂ ਗਰੀਬ ਅਤੇ ਕਮਜ਼ੋਰ ਆਦਮੀ ਤੁਸੀਂ ਵੇਖਿਆ ਹੈ, ਉਸਦੀ ਸ਼ਕਲ ਯਾਦ ਕਰੋ ਅਤੇ ਆਪਣੇ ਦਿਲ ਤੋਂ ਪੁੱਛੋ ਕਿ ਜੋ ਕਦਮ ਤੁਸੀਂ ਪੁੱਟਣ ਦਾ ਵਿਚਾਰ ਕਰ ਰਹੇ ਹੋ, ਇਹ ਆਦਮੀ ਲਈ ਕਿੰਨਾ ਗੁਣਕਾਰੀ ਹੋਏਗਾ। ਕੀ ਇਸ ਨਾਲ ਉਹਨਾਂ ਕਰੋੜਾਂ ਲੋਕਾਂ ਨੂੰ ਸਵਰਾਜ ਮਿਲ ਸਕੇਗਾ, ਜਿਹਨਾਂ ਦੇ ਢਿੱਡ ਭੁੱਖੇ ਹਨ ਅਤੇ ਆਤਮਾ ਅਤ੍ਰਿਪਤ ਹੈ।"

# ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ

ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ

ਬਹੁਤ ਹੀ ਸਤਿਕਾਰਯੋਗ ਲੇਖਕ ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ ਦੀ ਪੰਜਾਬੀ ਸੱਥ ਲਾਂਬੜਾ ਵੱਲੋਂ ਛਪੀ ਕਿਤਾਬ ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ ਜੋ ਕਿ ਛੱਲੇ ਅਤੇ ਉਸ ਦੇ ਪਰਿਵਾਰ ਦੇ ਜੀਵਨ ਬਾਰੇ ਸਾਨੂੰ ਜਾਣਕਾਰੀ ਦਿੰਦੀ ਹੈ। ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।

ਭਗਵਾਨ ਸਿੰਘ ਲੁਬਾਣਾ



ਬਿੱਟੂ ਲਹਿਰੀ

## ਸ਼ੇਅਰ

1. ਆਣ ਕਬੀਲਾ ਢੁੱਕਿਆ ਬੂਹੇ, ਹੋਈਆਂ ਘਰ ਜੱਲ੍ਹੇ ਦੇ ਰੁਸ਼ਨਾਈਆਂ।
2. ਛੱਲਾ ਰਾਜਾ ਵਕਤ ਦਾ ਲੱਗਦਾ, ਮੋਹਰਾਂ ਹਾਰ ਦੀ ਥਾਂ ਗਲ ਪਾਈਆਂ।
3. ਫਕੀਰ ਸਾਈਂ ਨੇ ਛੱਲਾ ਚੁੱਕਿਆ, ਤੇ ਮਿਲਦੀਆਂ ਫਿਰਨ ਵਧਾਈਆਂ।
4. ਅੰਮ੍ਰਿਤਸਰ ਤੋਂ ਸੱਦੇ ਮੁਸਾਫਿਰ, ਜੱਲ੍ਹੇ ਗੱਲਾਂ ਸਭ ਪੁਗਾਈਆਂ।
5. ਮਲਕਵਾਲ ਤੋਂ ਆਇਆ ਸ਼ਰੀਕਾ, ਢੋਲ ਤੇ ਬੋਲੀਆਂ ਪਾਈਆਂ।
6. ਕਈ ਤਰ੍ਹਾਂ ਦਾ ਤਾਜ਼ਾ ਖਾਣਾ, ਖਾਧਾ ਆਉਂਦੇ ਜਾਂਦੇ ਰਾਹੀਆਂ।
7. ਹਲਵਾ ਦੇਗ ਬਣਾ ਕੇ ਲੈ ਗਏ, ਪੱਤਣ ਤੇ ਜੀਵਾਂ ਨੂੰ ਖੁਆਈਆਂ।
8. ਭਾਜੀਆਂ ਭਰਕੇ ਥਾਲ ਸੀ ਵੰਡੇ, ਕਦੇ ਮੁੱਕਣੇ ਨਹੀਂ ਮੁਕਾਈਆਂ।
9. ਅੱਠ ਰਾਤਾਂ ਦੀ ਰੀਤ ਸੀ ਚੱਲੀ, ਤੇ ਰੱਜ ਕੇ ਰੀਝਾਂ ਲਾਹੀਆਂ।
10. ਲਾਗਾਂ ਦੇ ਨਾਲ ਝੋਲੇ ਭਰ ਲਏ, ਸਾਰੇ ਪਿੰਡ ਦੇ ਸਭ ਨਾਈਆਂ।
11. ਰੀਤ ਛੱਲੇ ਦੀ ਜਿਨ੍ਹਾਂ ਵੇਖੀ, ਗੱਲਾਂ ਭੁੱਲਣੀਆਂ ਨਹੀਂ ਭੁਲਾਈਆਂ।
12. ਲਹਿਰ 'ਚ ਲਹਿਰੀ ਉੱਠ ਖੜੋਤਾ, ਹੱਥ ਰੱਖ ਕੰਨ ਤੇ ਹੇਕਾਂ ਲਾਈਆਂ।

**ਵਿਸਥਾਰ** - ਜੱਲ੍ਹੇ ਨੇ ਹਨੇਰੀ ਰਾਤ ਨੂੰ ਦਿਨ ਵਾਂਗ ਚਿੱਟਾ ਕਰਨ ਲਈ, ਜੱਲ੍ਹੇ ਨੇ ਆਪਣੇ ਘਰ ਵਿੱਚ ਰੋਸ਼ਨੀ ਦਾ ਪ੍ਰਬੰਧ ਕੰਧਾਂ ਤੇ ਦੀਵੇ ਨਾਲ ਦੀਵਾ ਜਗਾ ਕੇ ਕੀਤਾ। ਹਨੇਰੀ ਰਾਤ ਵਿੱਚ ਜੱਲ੍ਹੇ ਦਾ ਘਰ ਕਈ ਕੋਹਾਂ ਤੋਂ ਨਜ਼ਰ ਆਉਣ ਲੱਗਿਆ। ਦੀਵਿਆਂ ਨੇ ਜਦੋਂ ਚਾਨਣ ਦੀ ਫੁਲਕਾਰੀ ਜੱਲ੍ਹੇ ਦੇ ਵਿਹੜੇ ਵਿੱਚ ਖਿਲਾਰੀ ਤਾਂ ਸਾਰੇ ਰਿਸ਼ਤੇਦਾਰ ਦੰਗ ਰਹਿ ਗਏ ਤੇ ਕੀ ਵੇਖਿਆ।

## ਸ਼ੇਅਰ

1. ਦੀਵੇ ਦੇ ਨਾਲ ਦੀਵਾ ਜੱਗਦਾ, ਭਰ ਦਿੱਤੇ ਕੰਦਾਂ ਅਤੇ ਬਨੇਰੇ।
2. ਦੀਵੇ ਦੇ ਨਾਲ ਦੀਵਾ ਜੱਗਦਾ, ਤਿੱਤਰ ਹੋ ਗਏ ਘੁੱਪ ਹਨ੍ਹੇਰੇ।
3. ਦੀਵੇ ਦੇ ਨਾਲ ਦੀਵਾ ਜੱਗਦਾ, ਚਾਨਣ ਵੰਡਿਆਂ ਵਾਂਗ ਸਵੇਰੇ।
4. ਦੀਵੇ ਦੇ ਨਾਲ ਦੀਵਾ ਜੱਗਦਾ, ਲੋਕੀਂ ਤੱਕਦੇ ਚਾਰ ਚੁਫੇਰੇ।
5. ਦੀਵੇ ਦੇ ਨਾਲ ਦੀਵਾ ਜੱਗਦਾ, ਜਿਵੇਂ ਜੱਗਦਾ ਸਾਧ ਦੇ ਡੇਰੇ।
6. ਦੀਵੇ ਦੇ ਨਾਲ ਦੀਵਾ ਜੱਗਦਾ, ਜਿਉਂ ਲਸ਼ਕਰਾਂ ਘੱਤੇ ਘੇਰੇ।

**ਵਿਸਥਾਰ** - ਲਉ ਜੱਲ੍ਹੇ ਨੇ ਗਾਵਣ ਵਾਲੀ ਕੰਜਰੀ ਤੇ ਮਰਾਸੀ ਵੀ ਬੁੱਕ ਕੀਤੇ ਸਨ। ਦੱਸੇ ਹੋਏ ਟਾਇਮ ਤੇ ਆ ਕੇ ਕੰਜਰੀ ਤੇ ਮਰਾਸੀਆਂ ਨੇ ਅਖਾੜੇ ਦੀ ਬੂੰਗ ਕਿੰਝ ਬੁਲਾਈ –

## ਸ਼ੇਅਰ

1. ਕੰਜ਼ਰੀ ਰਾਤ ਅਖਾੜਾ ਲਾਇਆ, ਮਰਾਸੀ ਛੰਦ ਸੁਣਾਵਣ ਆਏ।
2. ਬਿਨ ਸਪੀਕਰ ਗਾਵੇ ਕੰਜ਼ਰੀ, ਅਵਾਜ਼ ਤਿੰਨ ਕੋਹਾਂ ਤੱਕ ਜਾਏ।
3. ਹੱਸ-ਹੱਸ ਸਾਰੇ ਹੋਵਣ ਦੂਹਰੇ, ਮਰਾਸੀ ਛੰਦ ਤੇ ਛੰਦ ਸੁਣਾਏ।

4. ਰਾਤ ਹਨੇਰੀ ਚਾਨਣ ਕੀਤਾ, ਦੀਵੇ ਘਿਉ ਦੇ ਕੰਧਾਂ ਉੱਤੇ ਜਗਾਏ।
5. ਬੁਰਕਾ ਮੂੰਹ ਤੋਂ ਲਾਹ ਕੇ ਕਈਆਂ, ਇਨਾਮ ਸਟੇਜ਼ ਤੇ ਜਾ ਫੜਾਏ।
6. ਛੱਲਿਆ ਸ਼ਗਨ ਇਹ ਤੈਨੂੰ ਪੈਂਦਾ, ਜਦ ਕੰਜ਼ਰੀ ਹੇਕਾਂ ਲਾਏ।
7. ਕਦੇ ਮਰਾਸੀ ਕਦੇ ਉਹ ਕੰਜ਼ਰੀ, ਦੋਵਾਂ ਡਾਢ੍ਹੇ ਰੰਗ ਜਮਾਏ।
8. 'ਲਹਿਰੀ' ਲਹਿਰਾਂ ਐਸੀਆਂ ਚੜ੍ਹੀਆਂ, ਰਾਤੀ ਸੌਣ ਕੋਈ ਨਾ ਜਾਏ।

**ਵਿਸਥਾਰ** - ਜੱਲ੍ਹੇ ਦੇ ਘਰ ਪੰਧਾਂ ਤੋਂ ਆਏ ਰਿਸ਼ਤੇਦਾਰਾਂ ਨੇ ਅੱਠ ਦਿਨਾਂ ਦੀ ਗੀਤ ਦੀਆਂ ਅੱਠੇ ਰਾਤਾਂ ਦਾ ਜਸ਼ਨ ਇਸ ਤਰ੍ਹਾਂ ਮਨਾਇਆ।

## ਸ਼ੇਅਰ

1. ਪਹਿਲੀ ਰਾਤ ਘਰ ਜੱਲ੍ਹੇ ਦੇ, ਜਾਗੋ ਪਿੰਡ ਦੇ ਵਿੱਚ ਘੁਮਾਈ।
2. ਦੂਜੀ ਰਾਤ ਘਰ ਜੱਲ੍ਹੇ ਦੇ, ਗਿੱਧਾ ਨੱਚਣ ਵਾਲੀ ਛਾਈ।
3. ਤੀਜੀ ਰਾਤ ਘਰ ਜੱਲ੍ਹੇ ਦੇ, ਨੱਟ ਤੇ ਕੰਜਰੀ ਗਾਵਣ ਆਈ।
4. ਚੌਥੀ ਰਾਤ ਘਰ ਜੱਲ੍ਹੇ ਦੇ, ਸਭ ਨੇ ਢੋਲ ਤੇ ਝੂੰਮਰ ਪਾਈ।
5. ਪੰਜਵੀਂ ਰਾਤ ਘਰ ਜੱਲ੍ਹੇ ਦੇ, ਸਭ ਬੁਝਾਰਤ ਇੱਕ-ਇੱਕ ਲਾਈ।
6. ਛੇਵੀਂ ਰਾਤ ਘਰ ਜੱਲ੍ਹੇ ਦੇ, ਕਹਾਣੀ ਬੁੱਢਿਆਂ ਨੇ ਸੁਣਾਈ।
7. ਸੱਤਵੀਂ ਰਾਤ ਘਰ ਜੱਲ੍ਹੇ ਦੇ, ਦਿੱਤੀ ਦੁੱਧ ਦੇ ਨਾਲ ਮਲਾਈ।
8. ਅੱਠਵੀਂ ਰਾਤ ਘਰ ਜੱਲ੍ਹੇ ਦੇ, ਸਭ ਨੇ ਖੇਡੀ ਲੁੱਕਣ ਮਿਚਾਈ।

**ਵਿਸਥਾਰ** - ਗੀਤਾਂ ਖਤਮ ਹੋਣ ਦੇ ਬਾਅਦ ਜੱਲ੍ਹੇ ਦੇ ਸਾਰੇ ਰਿਸ਼ਤੇਦਾਰ ਆਪੋ-ਆਪਣੇ ਘਰਾਂ ਨੂੰ ਜਾਣ ਲੱਗੇ ਤਾਂ ਜੱਲ੍ਹੇ ਨੇ ਸਾਰਿਆਂ ਨੂੰ ਇੱਕ-ਇੱਕ ਥਾਲ ਚੂਰੀ ਦਾ ਭਰ ਕੇ ਭਾਜੀ ਦਿੱਤੀ ਤੇ ਕਹਿਣ ਲੱਗਿਆ।

## ਸ਼ੇਅਰ

1. ਕੋਈ ਗਲਤੀ ਹੋਵੇ ਮਾਫ਼ ਕਰ ਦਿਉ, ਜਾ ਕਿਤੇ ਸੇਵਾ ਰਹੀ ਅਧੂਰੀ।
2. ਘਰ ਰਹਿ ਪਏ ਜੋ ਗੀਤ ਨਹੀਂ ਆਏ, ਦੇਵਾਂ ਉਹਨਾਂ ਲਈ ਬੰਨ ਚੂਰੀ।
3. ਪੋਣੇ ਦੇ ਵਿੱਚ ਬੰਨ ਰੋਟੀਆਂ ਦਿੱਤੀਆਂ, ਭੁੱਖ ਲੱਗਣੀ ਵਾਟ ਹੈ ਦੂਰੀ।
4. ਮੈਂ ਤਾਂ ਲਹਿਰੀ ਕਸਰ ਨਾ ਛੱਡੀ, ਆਪਦੀ ਵਾਹ ਹੈ ਲਾਤੀ ਪੂਰੀ।

**ਵਿਸਥਾਰ** - ਰਿਸ਼ਤੇਦਾਰਾਂ ਨੇ ਜੱਲ੍ਹੇ ਨੂੰ ਅੱਗੋ ਇਹ ਜੁਆਬ ਦਿੱਤਾ।

(ਚਲਦਾ)

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਇੰਜ: ਭਗਵਾਨ ਸਿੰਘ ਲੁਬਾਣਾ**
**E-mail:bslubana187@gmail.com**
**M.: 98155-40240**

# ਹੋਰ ਪੱਛੜੀਆਂ ਸ਼੍ਰੇਣੀਆਂ (OBC) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ

ਕੇਂਦਰੀ ਸਰਕਾਰ ਵੱਲੋਂ ਜਾਰੀ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਲੁਬਾਣਾ ਜਾਤੀ ਵੀ ਹੋਰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹੈ। ਜਿਸ ਅਧੀਨ ਕੇਂਦਰੀ ਸਰਕਾਰ ਦੀਆਂ ਵਿੱਦਿਅਕ ਸੰਸਥਾਵਾਂ, ਆਈ.ਟੀ.ਆਈ., ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਨੌਕਰੀਆਂ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ 27% ਦਾ ਰਾਖਵਾਂਕਰਨ ਦਿੱਤਾ ਹੋਇਆ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਓ.ਬੀ.ਸੀ. ਸ਼੍ਰੇਣੀਆਂ ਨੂੰ ਵਿੱਦਿਆ ਵਿਚ 12% ਅਤੇ ਨੌਕਰੀਆਂ ਵਿਚ ਸਿਰਫ਼ 5% ਰਾਖਵਾਂਕਰਨ ਹੀ ਦਿੱਤਾ ਹੋਇਆ ਹੈ। ਜਿਸ ਵਿਚ ਵਾਧਾ ਕਰਨ ਦੀ ਮੰਗ ਲਗਾਤਾਰ ਚੱਲ ਰਹੀ ਹੈ। ਬਰਾਦਰੀ ਦੇ ਹੋਣਹਾਰ ਬੱਚਿਆਂ ਵੱਲੋਂ ਅਜਿਹੇ ਵੱਖ-ਵੱਖ ਵਿੱਦਿਆ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਅਤੇ ਨੌਕਰੀਆਂ ਵਿਚ ਓ.ਬੀ.ਸੀ. ਕੋਟੇ ਅਧੀਨ ਅਪਲਾਈ ਕਰਨ ਲਈ ਹਲਕੇ ਦੇ ਐਸ.ਡੀ.ਐਮ. ਵੱਲੋਂ ਜਾਰੀ ਕੀਤਾ ਹੋਇਆ ਓ.ਬੀ.ਸੀ. ਸਰਟੀਫਿਕੇਟ ਬੱਚਿਆਂ ਪਾਸ ਹੋਣਾ ਜ਼ਰੂਰੀ ਹੈ। ਆਮ ਧਾਰਨਾ ਹੈ ਕਿ ਜ਼ਿਆਦਾ ਆਮਦਨ ਵਾਲੇ ਮਾਪਿਆਂ ਅਤੇ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਕਰਦੇ ਦੋਨੋਂ ਪਤੀ-ਪਤਨੀ ਦੇ ਬੱਚੇ ਓ.ਬੀ.ਸੀ. ਲਈ ਬਣੀ ਸਲਾਨਾ 8 ਲੱਖ ਦੀ ਆਮਦਨ ਦੀ ਕਰੀਮੀ ਲੇਅਰ ਦੀ ਹੱਦ ਕਾਰਨ ਸਰਟੀਫਿਕੇਟ ਲੈਣ ਦੇ ਯੋਗ ਨਹੀਂ ਹਨ।

ਸਾਰਿਆਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕਰੀਮੀ ਲੇਅਰ ਦੀ 8 ਲੱਖ ਦੀ ਆਮਦਨ ਹੱਦ ਵਿਚ ਨੌਕਰੀ ਤੋਂ ਮਿਲਦੀ ਤਨਖਾਹ ਅਤੇ ਜ਼ਮੀਨੀ ਖੇਤੀ ਆਮਦਨ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ। ਜਿਨ੍ਹਾਂ ਮਾਪਿਆਂ ਦੀ ਇਸ ਤੋਂ ਇਲਾਵਾ ਹੋਰ ਸਾਧਨਾਂ ਤੋਂ ਕੁੱਲ ਆਮਦਨ ਸਲਾਨਾ 8 ਲੱਖ ਰੁਪਏ ਤੋਂ ਵੱਧ ਹੈ ਉਹ ਕਰੀਮੀ ਲੇਅਰ ਅਧੀਨ ਇਸ ਸਰਟੀਫਿਕੇਟ ਲਈ ਯੋਗ ਨਹੀਂ ਹਨ। ਇਸ ਤੋਂ ਇਲਾਵਾ ਕੈਟਾਗਰੀ 'ਏ' ਵਿਚ ਸਿੱਧੇ ਭਰਤੀ ਹੋਏ ਮਾਪਿਆਂ ਦੇ ਬੱਚੇ ਵੀ ਇਸ ਰਾਖਵਾਂਕਰਨ ਸਰਟੀਫਿਕੇਟ ਲਈ ਯੋਗ ਨਹੀਂ ਹਨ। ਅਜਿਹੇ ਮਾਪੇ ਜਿਹੜੇ ਕੈਟਾਗਰੀ 'ਸੀ' ਅਤੇ 'ਡੀ' ਵਿਚ ਭਰਤੀ ਹੋ ਕੇ 40 ਸਾਲ ਦੀ ਉਮਰ ਤੋਂ ਬਾਅਦ ਪਦਉੱਨਤ ਹੋ ਕੇ ਕੈਟਾਗਰੀ 'ਏ' ਅਤੇ 'ਬੀ' ਵਿਚ ਸ਼ਾਮਲ ਹੋਏ ਹਨ ਉਨ੍ਹਾਂ ਦੇ ਬੱਚੇ ਵੀ ਇਸ ਸਰਟੀਫਿਕੇਟ ਲਈ ਯੋਗ ਹਨ। ਫੌਜੀ ਅਫ਼ਸਰ, ਕਰਨਲ ਅਤੇ ਉੱਪਰ ਦੇ ਰੈਂਕ, ਜੱਜ ਅਤੇ ਵਿਦੇਸ਼ੀ ਸੇਵਾਵਾਂ ਵਿਚ ਨੌਕਰੀ ਕਰਦੇ ਮਾਪਿਆਂ ਦੇ ਬੱਚੇ ਅਜਿਹਾ ਲਾਭ ਲੈਣ ਲਈ ਯੋਗ ਨਹੀਂ ਹਨ। ਆਮਦਨ ਹੱਦ ਲਈ ਸਿਰਫ਼ ਮਾਪਿਆਂ ਦੀ ਆਮਦਨ ਹੀ ਗਿਣੀ ਜਾਂਦੀ ਹੈ। ਜੇਕਰ ਬੱਚਾ ਕੋਈ ਆਪ ਤਨਖਾਹ ਜਾਂ ਹੋਰ ਵਸੀਲਿਆਂ ਰਾਹੀਂ ਕੋਈ ਆਮਦਨ ਪ੍ਰਾਪਤ ਕਰਦਾ ਹੈ ਤਾਂ ਉਸ ਆਮਦਨ ਨੂੰ ਇਸ ਹੱਦ ਵਿਚ ਨਹੀਂ ਗਿਣਿਆ ਜਾਂਦਾ ਹੈ। ਹੋਰ ਸਾਧਨਾਂ ਤੋਂ ਆਮਦਨ ਦਾ ਭਾਵ ਹੈ ਮਾਪਿਆਂ ਨੂੰ ਆਪਣੀ ਕਿਸੇ ਪ੍ਰਾਪਰਟੀ ਦਾ ਕਿਰਾਇਆ ਵਗੈਰਾ ਜਾਂ ਬੈਂਕ ਵਿਚ ਜਮ੍ਹਾਂ ਰਕਮ ਤੋਂ ਮਿਲਦਾ ਵਿਆਜ਼ ਜੋ ਕਿ ਉਹ ਆਪਣੀ ਸਲਾਨਾ ਆਦਮਨ ਕਰ ਰਿਟਰਨ ਵਿਚ ਉਜਾਗਰ ਕਰਦੇ ਹਨ।

ਸਾਰੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਓ.ਬੀ.ਸੀ. ਸਰਟੀਫਿਕੇਟ ਬਣਾ ਲੈਣੇ ਚਾਹੀਦੇ ਹਨ ਤਾਂ ਜੋ ਬੱਚੇ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਵਿੱਦਿਅਕ ਅਤੇ ਰੁਜ਼ਗਾਰ ਵਿਚ ਦਿੱਤੇ ਜਾਂਦੇ ਲਾਭਾਂ ਦਾ ਫਾਇਦਾ ਲੈ ਸਕਣ।

**ਸੁਰਿੰਦਰ ਸਿੰਘ ਰੁਬੀ**
**ਸਹਿ ਸੰਪਾਦਕ**

# ਅਪਾਹਜ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

ਸੁਰਿੰਦਰ ਸਿੰਘ ਰੂਬੀ 'ਸਹਿ ਸੰਪਾਦਕ'



ਸਤਵਿੰਦਰ ਸਿੰਘ ਬੇਗੋਵਾਲੀਆ

**ਖੋਜੀ** : ਫਾਈਲ ਤਾਂ ਲੁਕੋ ਲਈ, ਪਰ ਇੱਕ ਖੋਟੀ ਕੌਡੀ ਵੀ ਹੱਥ ਨਾ ਲੱਗੀ। ਪਰ ਤੇਰੇ ਬੌਸ ਨੇ ਤਾਂ ਫਾਈਲਾਂ ਗਿਣ ਕੇ ਅਪਣਾ ਹਿੱਸਾ ਪੂਰਾ ਸੁਟਵਾ ਈ ਲੈਣੈਂ। ਇਹੋ ਸੋਚਦੇ ਸੋਚਦੇ ਇਹਨੂੰ ਨੀਂਦ ਨਹੀਂ ਆਈ। ਦਫ਼ਤਰ ਚੱਲਿਆ ਏਂ ਨਾ?

**ਬਾਊ** : ਆਹੋ ਚੱਲਿਆਂ।

**ਖੋਜੀ** : ਸਿੰਗਾਂ ਨੂੰ ਤੇਲ ਲਾ ਕੇ ਆਉਣਾ ਸੀ, ਉਸ ਡਾਹਢੇ ਆਦਮੀ ਨੇ ਤੇਰੀ ਸ਼ਿਕਾਇਤ ਉੱਪਰ ਕਰ ਦਿੱਤੀ ਏ।

**ਬਾਊ** : ਹੈਂ, ਸ਼ਿਕਾਇਤ ਕਰ ਦਿੱਤੀ ਉਸ ਜੂਠ ਨੇ?

**ਖੋਜੀ** : ਹਾਂ ਉਹ ਜੂਠ ਏਂ, ਤੇਰਾ ਵਰਗਾ ਸ਼ਰੀਫ ਨਹੀਂ ਨਾ!

**ਭਿਖਾਰੀ** : ਉਸ ਬੰਦੇ ਨੇ ਸ਼ਿਕਾਇਤ ਕਰਕੇ ਚੰਗਾ ਕੀਤਾ ਕਿ.....?

**ਖੋਜੀ** : ਸ਼ਿਕਾਇਤ ਨਾ ਕਰਦਾ ਤਾਂ ਹੋਰ ਇਸ ਬਾਊ ਦੀ ਇਮਾਨਦਾਰੀ ਦਾ ਹੋਕਾ ਦਿੰਦਾ ਸਾਰੇ ਨਗਰ ਵਿਚ।

**ਬਾਊ** : ਹੁਣ ਕੀ ਬਣੇਗਾ?

**ਖੋਜੀ** : ਤੇਰੀ ਫੋਟੋ ਅਖ਼ਬਾਰ 'ਚ ਛਪੇਗੀ, ਸਾਰੀ ਦੁਨੀਆਂ ਵੇਖੇਗੀ ਤੇ ਤੇਰੀ ਮਸ਼ਹੂਰੀ ਦੂਰ-ਦੂਰ ਤੱਕ ਹੋ ਜਾਵੇਗੀ। ਨੌਕਰੀ ਤਾਂ ਤੇਰੀ ਗਈ ਸਮਝੋ, ਤੂੰ ਜੇਲ ਜਾਣ ਦੀ ਤਿਆਰੀ ਕਰ।

**ਬਾਊ** : ਜੇਲ?

**ਖੋਜੀ** : ਬੜੀ ਮੌਜ ਹੋਵੇਗੀ ਉਥੇ, ਮੁਫ਼ਤ ਰੋਟੀ, ਮੁਫ਼ਤ ਵਰਦੀ। ਨਾ ਕੋਈ ਫ਼ਿਕਰ ਨਾ ਕੋਈ ਫਾਕਾ।

**ਭਿਖਾਰੀ** : ਬਾਊ ਜੀ ਮੈਨੂੰ ਵੀ ਨਾਲ ਈ ਲੈ ਚਲਿਓ, ਰੱਜ ਕੇ ਰੋਟੀ ਖਾਵਾਂਗਾ। ਹਥਕੜੀਆਂ ਲਾਉਣ ਵਾਲੇ ਕਦੋਂ ਆ ਰਹੇ ਨੇ?

**ਖੋਜੀ** : ਬਾਊ ਜੀ, ਤੁਹਾਡੀ ਦੁਨੀਆਂ ਬਦਲਣ ਵਾਲੀ ਏ।

**ਭਿਖਾਰੀ** : ਹਾਂ ਬਾਊ ਜੀ, ਜੇਲ ਅੰਦਰ ਜਾਉਗੇ ਤਾਂ ਬੰਦੇ ਬਣ ਕੇ ਬਾਹਰ ਆਉਣਗੇ। ਦੁਬਾਰਾ ਨੌਕਰੀ ਦੀ ਆਸ ਨਾ ਕਰਿਓ, ਤੁਸੀਂ ਮੇਰੇ ਕੋਲ ਆ ਜਾਇਓ, ਆਪਾਂ ਦੋਵੇਂ ਰਲ ਕੇ ਭੀਖ ਮੰਗਾਂਗੇ।

**ਖੋਜੀ** : ਬਾਊ ਜੀ, ਪਸੰਦ ਆਈ ਸਲਾਹ ਇਸ ਭਿਖਾਰੀ ਦੀ?

**ਬਾਊ** : ਉਫ਼! ਮੇਰੇ ਬੱਚੇ ਭੁੱਖੇ ਮਰ ਜਾਣਗੇ।

**ਖੋਜੀ** : ਤਾਂ ਕੀ ਹੋਇਆ ਕੋਈ ਘਾਟਾ ਨਹੀਂ ਪੈਣ ਵਾਲਾ। ਕਿੰਨੇ ਬੱਚੇ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਨੇ, ਤੇਰੇ ਵੀ ਦੋ ਰਲ ਜਾਣਗੇ ਤਾਂ ਕਿਹੜਾ ਅਸਮਾਨ ਡਿੱਗ ਪੈਣ ਲੱਗੇ।

**ਬਾਊ** : ਉਫ਼! ਮੇਰੇ ਬੱਚੇ ਭੁੱਖੇ ਮਰ ਜਾਣਗੇ।

**ਖੋਜੀ** : ਤਾਂ ਕੀ ਹੋਇਆ ਕੋਈ ਘਾਟਾ ਨਹੀਂ ਪੈਣ ਵਾਲਾ। ਕਿੰਨੇ ਬੱਚੇ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਨੇ, ਤੇਰੇ ਵੀ ਦੋ ਰਲ ਜਾਣਗੇ ਤਾਂ ਕਿਹੜਾ ਅਸਮਾਨ ਡਿੱਗ ਪੈਣ ਲੱਗੇ।

**ਬਾਊ** : ਬੱਚਿਆਂ ਦੀ ਖ਼ਾਤਰ ਤਾਂ ਦੌੜੇ ਫਿਰਦੇ ਆਂ.....

**ਖੋਜੀ** : ਤੇਰੇ ਮਾਂ ਪਿਉ ਵੀ ਤੇਰੀ ਖ਼ਾਤਰ ਸਾਰੀ ਉਮਰ ਦੌੜਦੇ ਰਹੇ, ਧੱਕੇ ਖਾਂਦੇ ਰਹੇ। ਤੂੰ ਉਹਨਾਂ ਨੂੰ ਘਰੋਂ ਬਾਹਰ ਕੱਢ ਤਾ। ਤੈਨੂੰ ਜ਼ਰਾ ਵੀ ਤਰਸ ਨਾ ਆਇਆ। ਤੂੰ ਆਪਣੀ ਸ੍ਰੀਮਤੀ ਦੇ ਹੱਥਾਂ ਵਿਚ ਇੰਜ ਨੱਚਦਾ ਰਿਹਾ ਜਿਵੇਂ ਮਦਾਰੀ ਦੇ ਹੱਥਾਂ ਵਿਚ ਬਾਂਦਰ ਨੱਚਦਾ ਏ।

**ਬਾਊ** : (ਧੁਰ ਤੱਕ ਕੰਬਣ ਵਾਲੀ ਸਥਿਤੀ ਵਿਚ) ਮੇਰੇ ਮਾਂ ਪਿਉ ਬਾਰੇ ਤੁਹਾਨੂੰ ਜਾਣਕਾਰੀ ਕਿਵੇਂ ਹੋਈ? ਤੂੰ ਜ਼ਰੂਰ ਕੋਈ ਸੀ.ਆਈ.ਡੀ. ਇੰਸਪੈਕਟਰ ਵਗੈਰਾ ਹੋਵੇਂਗਾ।

(ਚਲਦਾ)

# ਆਓ ਜਾਣੀਏ !

ਇੰਜ. ਪਰਮਿੰਦਰਜੀਤ ਸਿੰਘ
ਐਡੀਸ਼ਨਲ ਚੀਫ਼ ਐਡੀਟਰ

1. ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਕਿਹੜੇ ਯੁੱਧ ਵਿਚ ਸ਼ਹੀਦ ਹੋਏ?
ੳ) ਆਨੰਦਪੁਰ ਸਾਹਿਬ ਦੀ ਦੂਜੀ ਲੜਾਈ ਅ) ਨਿਰਮੋਹ ਦੀ ਲੜਾਈ
ੲ) ਚਮਕੌਰ ਸਾਹਿਬ ਦੀ ਲੜਾਈ ਸ) ਖਿਦਰਾਣਾ ਦੀ ਲੜਾਈ (ੲ)

2. ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਕੰਧ ਵਿਚ ਕਿਹੇ ਫੌਜਦਾਰ ਨੇ ਚਿਣਵਾਇਆ ਸੀ?
ੳ) ਵਜ਼ੀਰ ਖਾਂ ਅ) ਮੁਅੱਜਮ ਖਾਂ
ੲ) ਆਸਫ ਖਾਂ ਸ) ਰਾਜਾ ਭੀਮ ਚੰਦ (ੳ)

3. ਖਿਦਰਾਣਾ ਦੇ ਯੁੱਧ ਵਿਚ ਸ਼ਹੀਦ ਹੋਣ ਵਾਲੇ 'ਚਾਲੀ ਮੁਕਤਿਆਂ' ਦਾ ਸਰਦਾਰ ਕੌਣ ਸੀ?
ੳ) ਭਾਈ ਮਨੀ ਸਿੰਘ ਅ) ਭਾਈ ਦਯਾ ਸਿੰਘ
ੲ) ਭਾਈ ਮਹਾਂ ਸਿੰਘ ਸ) ਭਾਈ ਸਾਹਿਬ ਸਿੰਘ (ੲ)

4. "ਚਾਲੀ ਮੁਕਤੇ" ਗੁਰੂ ਗੋਬਿੰਦ ਸਿੰਘ ਜੀ ਦਾ ਕਿਹੜੀ ਲੜਾਈ ਵਿਚ ਸਾਥ ਛੱਡ ਗਏ ਸਨ?
ੳ) ਭੰਗਾਣੀ ਦੀ ਲੜਾਈ ਅ) ਚਮਕੌਰ ਸਾਹਿਬ ਦੀ ਲੜਾਈ
ੲ) ਆਨੰਦਪੁਰ ਸਾਹਿਬ ਦੀ ਦੂਜੀ ਲੜਾਈ ਸ) ਖਿਦਰਾਣਾ ਦੀ ਲੜਾਈ (ੲ)

5. ਤਲਵੰਡੀ ਸਾਬੋ ਨਾਮਕ ਸਥਾਨ ਹੋਰ ਕਿਹੜੇ ਨਾਂ ਨਾਲ ਜਾਣਿਆ ਜਾਂਦਾ ਹੈ?
ੳ) ਗੁਰੂ ਕੀ ਕਾਸ਼ੀ ਅ) ਗੁਰੂ ਕੀ ਨਗਰੀ
ੲ) ਦਮਦਮਾ ਸਾਹਿਬ ਸ) ੳ ਤੇ ੲ ਦੋਨੇ (ਸ)

6. ਪੂਰਵ ਖ਼ਾਲਸਾ ਕਾਲ ਵਿਚ ਗੁਰੂ ਗੋਬਿੰਦ ਸਿੰਘ ਨੇ ਕਿਹੜੇ ਪ੍ਰਸਿੱਧ ਗ੍ਰੰਥ ਦੀ ਰਚਨਾ ਕੀਤੀ?
ੳ) ਚੰਡੀ ਦੀ ਵਾਰ ਅ) ਬਚਿੱਤਰ ਨਾਟਕ
ੲ) ਦਸਮ ਗ੍ਰੰਥ ਸ) ਗਿਆਨ ਪ੍ਰਬੋਧ (ੳ)

7. ਗੁਰੂ ਗੋਬਿੰਦ ਸਿੰਘ ਦੇ ਚਾਰ ਸਾਹਿਬਜ਼ਾਦਿਆਂ ਦੀ ਮਾਤਾ ਜੀ ਦਾ ਨਾਂ ਕੀ ਸੀ?
ੳ) ਮਾਤਾ ਜੀਤੋਂ ਜੀ ਅ) ਮਾਤਾ ਸੁੰਦਰੀ ਜੀ
ੲ) ਮਾਤਾ ਸਾਹਿਬ ਕੌਰ ਸ) ਅ ਤੇ ੲ ਦੋਨੇ (ਅ)

8. ਬੇਦਾਵਾ ਤੋਂ ਕੀ ਭਾਵ ਹੈ?
ੳ) ਅਧਿਕਾਰ ਨਾ ਜਤਾਉਣਾ ਅ) ਹੱਕ ਰੱਖਣਾ
ੲ) ਛੱਡ ਜਾਣਾ ਸ) ਇਨਕਾਰ ਕਰਨਾ (ੳ)

9. ਮੁਕਤਸਰ ਦਾ ਪੁਰਾਣਾ ਨਾਂ ਕੀ ਸੀ?
ੳ) ਮੱਖੋਵਾਲ ਅ) ਖਿਦਰਾਣਾ
ੲ) ਤਲਵੰਡੀ ਸਾਬੋ ਸ) ਰਾਮਦਾਸਪੁਰਾ (ਅ)

10) ਖ਼ਾਲਸਾ ਪੰਥ ਦੀ ਸਥਾਪਨਾ ਸਮੇਂ ਭਾਰਤ ਦਾ ਮੁਗਲ ਸ਼ਾਸਕ ਕੌਣ ਸੀ? (U.G.C. 2008)
ੳ) ਔਰੰਗਜ਼ੇਬ ਅ) ਫਰੁਖਸੀਅਰ
ੲ) ਬਹਾਦਰ ਸ਼ਾਹ ਸ) ਮੁਹੰਮਦ ਰੰਗੀਲਾ (ੳ)

ਸਿਹਤ ਸੰਭਾਲ

# ਵਧਦੀ ਉਮਰ ਵਿਚ ਰਹੋ ਚੁਸਤ-ਦਰੁਸਤ

ਆਪਣੇ ਸਰੀਰ ਨੂੰ ਸਰਗਰਮ ਰੱਖਣ ਲਈ ਵੱਧ ਤੋਂ ਵੱਧ ਪੈਦਲ ਚੱਲੋ ਅਤੇ ਕਸਰਤ ਦੇ ਨਿਯਮਾਂ ਨੂੰ ਆਪਣੀ ਰੋਜ਼ਮਰਾ ਵਿਚ ਸ਼ਾਮਿਲ ਕਰੋ। ਜਵਾਨੀ ਵਿਚ ਲਿਫਟ ਦੀ ਬਜਾਏ ਪੌੜੀਆਂ ’ਤੇ ਚੜ੍ਹੋ-ਉਤਰੋ, ਬੱਚਿਆਂ ਨਾਲ ਖੇਡੋ। ਤੈਰਾਕੀ ਜਾਂ ਬੈਡਮਿੰਟਨ ਆਦਿ ਦੇ ਸ਼ੌਂਕ ਨੂੰ ਅੱਗੇ ਵਧਾਓ।



ਵਧਦੀ ਉਮਰ ਦੇ ਨਾਲ ਹਰ ਕੋਈ ਤੰਦਰੁਸਤ ਰਹਿਣਾ ਚਾਹੁੰਦਾ ਹੈ ਪਰ ਤੰਦਰੁਸਤ ਰਹਿਣ ਲਈ ਯਤਨ ਸਾਨੂੰ ਪਹਿਲਾਂ ਤੋਂ ਹੀ ਕਰਨਾ ਹੁੰਦਾ ਹੈ। ਉਸ ਵੇਲੇ ਅਸੀਂ ਸੋਚਦੇ ਹਾਂ ਕਿ ਅਸੀਂ ਜਵਾਨ ਹਾਂ, ਹੁਣੇ ਹੀ ਆਪਣੇ-ਆਪ ‘ਤੇ ਕੰਟਰੋਲ ਕਿਉਂ ਰੱਖੀਏ? ਇਹ ਉਮਰ ਤਾਂ ਖਾਣ-ਪੀਣ ਦੀ ਹੈ, ਇਸ ਲਈ ਬੁਢਾਪੇ ਵਿਚ ਦੇਖਿਆ ਜਾਵੇਗਾ। ਪਰ ਜਦੋਂ ਬੁਢਾਪਾ ਆਉਂਦਾ ਹੈ ਤਾਂ ਉਸ ਵੇਲੇ ਨਾ ਸੋਚਣ ਦਾ ਸਮਾਂ ਹੁੰਦਾ ਹੈ ਅਤੇ ਨਾ ਹੀ ਯਤਨ ਕਰਨ ਦਾ। ਇਸ ਲਈ ਬੁਢਾਪਾ ਸਰੀਰ ’ਤੇ ਪੂਰੀ ਤਰ੍ਹਾਂ ਛਾਅ ਹੀ ਜਾਂਦਾ ਹੈ।

ਜੇਕਰ ਅਸੀਂ ਜਵਾਨੀ ਵਿਚ ਹੀ ਸੁਚੇਤ ਰਹਾਂਗੇ ਤਾਂ ਅੱਗੇ ਵੀ ਉਸ ਆਦਤ ਨੂੰ ਬਰਕਰਾਰ ਰੱਖਣਾ ਸਾਡੇ ਲਈ ਆਸਾਨ ਹੋਵੇਗਾ। ਸਮਾਂ ਰਹਿੰਦੇ ਕੁਝ ਨਿਯਮਾਂ ਨੂੰ ਅਪਣਾਉਣਾ ਚਾਹੀਦਾ ਹੈ ਤਾਂ ਕਿ ਵਧਦੀ ਉਮਰ ’ਤੇ ਕਾਬੂ ਪਾਇਆ ਜਾ ਸਕੇ।

ਜਵਾਨੀ ਵਿਚ ਤਲੇ ਹੋਏ ਖਾਧ ਪਦਾਰਥ, ਬਰਗਰ, ਪੀਜਾ, ਨੂਡਲਜ ਆਦਿ ਦਾ ਸੇਵਨ ਘੱਟ ਤੋਂ ਘੱਟ ਕਰੋ। ਵਧੇਰੇ ਫੈਟ ਵਾਲੇ ਖਾਧ ਪਦਾਰਥਾਂ ਤੋਂ ਪ੍ਰਹੇਜ਼ ਕਰੋ। ਨਾ ਤਾਂ ਤੁਸੀਂ ਆਪ ਸਿਗਰਟਨੋਸ਼ੀ ਕਰੋ ਅਤੇ ਨਾ ਹੀ ਅਜਿਹੇ ਲੋਕਾਂ ਨਾਲ ਦੋਸਤੀ ਰੱਖੋ ਜੋ ਸਿਗਰਟਨੋਸ਼ੀ ਕਰਦੇ ਹਨ, ਕਿਉਂਕਿ ਆਪ ਸਿਗਰਟਨੋਸ਼ੀ ਕਰਨ ਨਾਲ ਤਾਂ ਨੁਕਸਾਨ ਪਹੁੰਚਦਾ ਹੀ ਹੈ, ਦੂਜਿਆਂ ਦੇ ਸਿਗਰਟ-ਬੀੜੀ ਦੇ ਧੂੰਏਂ ਵੀ ਨੁਕਸਾਨ ਪਹੁੰਚਾਉਂਦੇ ਹਨ। ਸਿਗਰਟਨੋਸ਼ੀ ਕਰਨ ਵਾਲੇ ਲੋਕਾਂ ਦੇ ਚਿਹਰੇ ’ਤੇ ਝੁਰੜੀਆਂ ਜਲਦੀ ਪੈਂਦੀਆਂ ਹਨ। ਸਭ ਜਾਣਦੇ ਹਨ ਕਿ ਤਣਾਅ ਸਾਡੀ ਸਿਹਤ ਦਾ ਦੁਸ਼ਮਣ ਹੈ। ਫਿਰ ਵੀ ਸਾਡੇ ਵਿਚੋਂ ਬਹੁਤੇ ਲੋਕ ਤਣਾਅਗ੍ਰਸਤ ਰਹਿੰਦੇ ਹਨ। ਯਤਨ ਕਰੋ ਕਿ ਤਣਾਅ ਘੱਟ ਤੋਂ ਘੱਟ ਹੋਵੇ।

ਵੱਡੇ ਸ਼ਹਿਰਾਂ ਵਿਚ ਵਧੇਰੇ ਮੋਟਰਾਂ, ਗੱਡੀਆਂ, ਬੱਸਾਂ, ਕਾਰਾਂ ਕਾਰਨ ਸ਼ਹਿਰ ਦਾ ਵਾਤਾਵਰਨ ਪ੍ਰਦੂਸ਼ਤ ਰਹਿੰਦਾ ਹੈ, ਫਿਰ ਵੀ ਪ੍ਰਦੂਸ਼ਣ ਤੋਂ ਦੂਰੀ ਬਣਾਈ ਜਾ ਸਕਦੀ ਹੈ। ਹਰ ਰੋਜ਼ ਸਵੇਰੇ ਉਠ ਕੇ ਸੈਰ ਨੂੰ ਜਾਓ, ਖੁੱਲ੍ਹੀ ਹਵਾ ਵਿਚ ਪ੍ਰਾਣਾਯਾਮ ਅਤੇ ਆਸਣ ਕਰੋ, ਤਾਂ ਕਿ ਫੇਫੜੇ ਸ਼ੁੱਧ ਹਵਾ ਗ੍ਰਹਿਣ ਕਰ ਸਕਣ। ਵਧੇਰੇ ਭੀੜ-ਭਾੜ ਵਾਲੇ ਥਾਵਾਂ ’ਤੇ ਬਿਨਾਂ ਮਜਬੂਰੀ ਦੇ ਨਾ ਜਾਓ। ਲੰਬੀ ਉਮਰ ਅਤੇ ਤੰਦਰੁਸਤ ਦੰਦਾਂ ਦਾ ਆਪਸੀ ਸਬੰਧ ਹੁੰਦਾ ਹੈ। ਜੋ ਲੋਕ ਆਪਣੀ ਨਿੱਜੀ ਸਫਾਈ ਪ੍ਰਤੀ ਜਾਗਰੂਕ ਹੁੰਦੇ ਹਨ, ਉਹ ਤੰਦਰੁਸਤ ਰਹਿੰਦੇ ਹਨ। ਦੰਦ ਜੇਕਰ ਤੰਦਰੁਸਤ ਹੋਣਗੇ ਤਾਂ ਖਾਣਾ ਚੰਗੀ ਤਰ੍ਹਾਂ ਚਬਾਉਣਗੇ, ਜਿਸ ਨਾਲ ਪੇਟ ਠੀਕ ਰਹੇਗਾ। ਪੇਟ ਦੇ ਵਿਗੜਨ ਨਾਲ ਕਈ ਬਿਮਾਰੀਆਂ ਘੇਰ ਲੈਂਦੀਆਂ ਹਨ।

ਅੰਤ ਵਿਚ ਤੁਸੀਂ ਆਪਣੇ ਸਰੀਰ ਦਾ ਆਪ ਧਿਆਨ ਰੱਖੋਗੇ ਤਾਂ ਹੀ ਤੁਹਾਡਾ ਪਰਿਵਾਰ ਵੀ ਤੁਹਾਡੀ ਇਸ ਚੰਗੀ ਆਦਤ ਨੂੰ ਅਪਣਾ ਕੇ ਇਸ ਰਾਹ ਤੇ ਚੱਲੇਗਾ ਅਤੇ ਤੰਦਰੁਸਤ ਰਹੇਗਾ।

**ਚਾਰ ਚੰਨ ਲੱਗ ਜਾਣ ਕੁੜੀਏ, ਜੇ ਰੱਖੇ ਸਿਰ ਨੂੰ ਦੁਪੱਟੇ ਨਾਲ ਢੱਕ ਕੇ।**
**ਲੱਗੇ ਇਹਦੇ ਬਿਨਾ ਫਿੱਕਾ ਤੇਰਾ ਰੂਪ ਨੀ, ਉਂਝ ਰਹਿ ਭਾਵੇਂ ਪੂਰੀ ਤਰ੍ਹਾਂ ਫੱਬ ਕੇ।**

**ਦੁਪੱਟਾ ਸ਼ੁਰੂ ਤੋਂ ਗੱਲ ਕਰੇ ਅਣਖਾਂ ਦੀ, ਰੱਖਦਾ ਆਇਆ ਏ ਤੇਰੀ ਲੱਜ ਨੀ।**
**ਪੰਜਾਬਣੇ ਦੁਪੱਟਾ ਤੇਰੀ ਸ਼ਾਨ ਏ, ਸ਼ਾਨ ਹੁੰਦੀ ਸਰਦਾਰਾ ਲਈ ਪੱਗ ਨੀ।**

# ਸ਼ਰਧਾਂਜ਼ਲੀ - ਨਿੱਘੀ ਮਿੱਠੀ ਯਾਦ



Late. Sdn. Dawinder Kaur
03/12/1954 - 13/04/2022

ਸਵਰਗਵਾਸੀ ਦਵਿੰਦਰ ਕੌਰ ਸੁਪੱਤਨੀ ਕਰਨੈਲ ਸਿੰਘ ਵਾਸੀ ਦੌਲੇਵਾਲ, ਤਹਿਸੀਲ ਭੁਲੱਥ, ਜ਼ਿਲਾ ਕਪੂਰਥਲਾ, ਦਾ ਜਨਮ 03 ਦਸੰਬਰ 1954 ਨੂੰ ਬੇਗੋਵਾਲ ਵਿਖੇ ਕੈਪਟਨ ਸੰਤੋਖ ਸਿੰਘ ਅਤੇ ਮਾਤਾ ਪ੍ਰਸਿੰਨ ਕੌਰ ਦੇ ਘਰ ਹੋਇਆ। ਇਨ੍ਹਾਂ ਨੇ ਆਪਣੀ ਮੁੱਢਲੀ ਪੜ੍ਹਾਈ ਐਸ.ਪੀ.ਐਸ. ਖਾਲਸਾ ਹਾਈ ਸਕੂਲ, ਬੈਗੋਵਾਲ ਤੋਂ ਅਤੇ ਬੀ.ਏ ਬੈਗੋਵਾਲ ਕਾਲਜ ਤੋਂ ਕੀਤੀ ਅਤੇ ਇਸ ਉਪਰੰਤ ਬੀ.ਐਡ., ਲਖਨਊ, ਯੂਨਿਵਰਸਿਟੀ ਤੋਂ ਕੀਤੀ। ਇਨ੍ਹਾਂ ਦੀ ਸ਼ਾਦੀ 1980 ਵਿੱਚ ਕਰਨੈਲ ਸਿੰਘ ਸਪੁੱਤਰ ਸੂਬੇਦਾਰ ਫੋਜਾ ਸਿੰਘ ਨਾਲ ਹੋਈ।ਸਰਦਾਰ ਕਰਨੈਲ ਸਿੰਘ ਜੀ ਸਾਲ 2014 ਵਿੱਚ ਐਨ.ਐਫ.ਐਲ. ਬਠਿੰਡਾ ਵਿੱਚੋਂ ਬਤੌਰ ਰਿਟਾਇਰ ਹੋ ਕੇ ਪੰਚਕੁਲਾ, ਹਰਿਆਣਾ ਵਿਖੇ ਆਪਣੀ ਕੰਪਨੀ ਚਲਾ ਰਹੇ ਹਨ । ਇਨ੍ਹਾਂ ਦੇ ਦੋ (2) ਬੇਟੀਆਂ ਅਤੇ ਇਕ (1) ਬੇਟਾ ਹੈ, ਜੋ ਕਿ ਉਚੇਰੀ ਵਿਦਿਆ ਪ੍ਰਾਪਤ ਕਰਨ ਉਪਰੰਤ ਆਪਣੇ-ਆਪਣੇ ਕਿੱਤੇ ਵਿੱਚ ਕੰਮ ਕਰ ਰਹੇ ਹਨ ਅਤੇ ਸੁਖੀ ਪਰਿਵਾਰਕ ਜੀਵਨ ਬਤੀਤ ਕਰ ਰਹੇ ਹਨ ।

ਸ਼੍ਰੀਮਤੀ ਦਵਿੰਦਰ ਕੌਰ ਮਿਤੀ 13 ਅਪ੍ਰੈਲ 2022 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਇਹ ਬਹੁਤ ਹੀ ਹੱਸਮੁੱਖ, ਮਿਲਣਸਾਰ, ਸਲੀਕੇ ਵਾਲੇ ਅਤੇ ਸੁਸ਼ੀਲ ਸੁਭਾਅ ਦੇ ਮਾਲਕ ਸਨ।ਪਰਿਵਾਰ ਨੇ ਇਨ੍ਹਾਂ ਦੀ ਮਿੱਠੀ ਯਾਦ ਵਿੱਚ ਭਾਈ ਲੱਖੀ ਸ਼ਾਹ ਬਲਾਕ ਦੀ ਉਸਾਰੀ ਵਾਸਤੇ ਇੱਕ ਲੱਖ ਰੁਪਏ ਦਾ ਦਾਨ ਦਿੱਤਾ।

ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਡੇਸ਼ਨ ਦੇ ਪ੍ਰਧਾਨ, ਸਮੂਹ ਮੈਨੇਜਮੈਂਟ ਅਤੇ ਮੈਂਬਰ ਪਰਿਵਾਰ ਦੇ ਅਤਿ ਧੰਨਵਾਦੀ ਹਨ ਅਤੇ ਅਰਦਾਸ ਕਰਦੇ ਹਨ ਕਿ ਪਰਿਵਾਰ ਨੂੰ ਵਾਹਿਗੁਰੂ ਆਪਣੀ ਮੇਹਰ ਸਦਕਾ ਅੰਗ-ਸੰਗ ਰੱਖਣ ਅਤੇ ਅਤੇ ਚੜ੍ਹਦੀ ਕਲਾ ਵਾਲਾ ਜੀਵਨ ਬਖ਼ਸ਼ਣ। ਉਮੀਦ ਕਰਦੇ ਹਾਂ ਕਿ ਅੱਗੇ ਤੋਂ ਵੀ ਪਰਿਵਾਰ ਤਨ, ਮਨ, ਧਨ ਅਤੇ ਸੇਵਾ ਭਾਵਨਾ ਨਾਲ ਫ਼ਾਊਡੇਸ਼ਨ ਨਾਲ ਜੁੜਿਆ ਰਹੇਗਾ।

**ਸਰਦਾਰ ਗੁਰਚਰਨ ਸਿੰਘ,**
**ਜਨਰਲ ਸਕੱਤਰ ਕਮ ਸੀ: ਵਾਇਸ ਪ੍ਰਧਾਨ (ਹੈ:ਕੁ:.)**
**ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਡੇਸ਼ਨ,**
**ਸੈਕਟਰ 30-ਏ, ਚੰਡੀਗੜ੍ਹ।**



# ਕਾਵਿ-ਕਿਆਰੀ



## (ਲਫ਼ਜ਼ਾਂ ਦੀ ਲੋਏ ਲੋਏ)

### ਜੋਤਸ਼ੀ/ਹਰਬਖ਼ਸ਼ ਸਿੰਘ ਟਾਹਲੀ



ਗੁਰਦੁਆਰੇ ਮੱਥਾ ਟੇਕਿਆ
ਤੇ ਕੀਤੀ ਸੀ ਉਸ ਨੇ ਅਰਦਾਸ
ਆਪਣੇ ਡੋਲਦੇ ਜੀਵਨ ਨੂੰ
ਸਥਿਰ ਕਰਨ ਦੀ
ਬੜਾ ਵਿਆਕੁਲ ਸੀ
ਸਮਝਦਾ ਤੇ ਸੀ ਕਿ
ਗੁਰੂ ਦੇ ਹੁਕਮ ਬਿਨਾ
ਝੁਲਦਾ ਨਹੀਂ ਪੱਤਾ
ਪਰ ਬਾਹਰ ਪੀਆਂ ਅਖ਼ਬਾਰਾਂ ਦੇ ਢੇਰ 'ਚੋਂ
ਚੁੱਕੀ ਸੀ ਉਸ ਨੇ ਉਹ ਅਖ਼ਬਾਰ
ਜਿਸ ਵਿਚ ਛਪਦੇ ਹਨ ਅਕਸਰ ਇਸ਼ਤਿਹਾਰ
ਜੋਤਸ਼ੀਆਂ ਪੰਡਤਾਂ ਅਤੇ ਪੀਰਾਂ ਦੇ
ਉਹ ਚੌਵੀ ਘੰਟਿਆਂ ਵਿਚ ਕਰਦੇ ਹਨ
ਹਰ ਮਸਲੇ ਦਾ ਹੱਲ
ਗੁਰੂ ਦੇ ਫਲਸਫ਼ੇ ਨਾਲ ਪਿਆਰ ਤੇ ਸੀ
ਪਰ ਵਿਸ਼ਵਾਸ ਖਿਸਕ ਗਿਆ
ਅਖ਼ਬਾਰ ਤੋਂ ਪਤਾ ਨੋਟ ਕੀਤਾ
ਸੋਚਿਆ ਫ਼ੋਨ ਕਰਾਂਗਾ।
ਤੇ ਭੇਜ ਕੇ ਦੇਖ ਲਵਾਂਗਾ ਇਕ ਚੈੱਕ।

*****

### ਸ਼ਬਦਾਂ ਦੇ ਸੂਰਜ/ਸ਼ਬਦ ਕਾਫ਼ਲਾ

**ਸੁਰਿੰਦਰ ਮਕਸੂਦਪੁਰੀ**



ਸ਼ਬਦ ਮਾਲਾ ਦੇ ਸੁੱਚੇ ਮੋਤੀ
ਬਲਦੇ ਸਾਹਿਤ ਬਨੇਰੇ ਦੀਵੇ
ਲਫ਼ਜ਼ਾਂ ਦੀ ਲੋਅ ਭਰ-ਭਰ ਵੰਡਦੇ
ਇਹ ਉੱਚੇ-ਸੁੱਚੇ ਸੁਖ਼ਨ ਸਦੀਵੇ

ਜ਼ਿੰਦਗੀ ਦੇ ਮੱਥੇ ਲਿਖ ਦੇਵਣ ਇਹ
ਸਦਾ ਜੇਤੂ ਰਾਹਾਂ ਦੇ ਸਿਰਨਾਵੇਂ
ਰਾਤਾਂ ਵੀ ਫਿਰ ਰੌਸ਼ਨ ਹੋਵਣ
ਜਦੋਂ ਇਹ ਮੰਜ਼ਿਲ ਕਰਦੇ ਨਾਵੇਂ


ਇਹ ਨਿੱਕੇ ਸੂਰਜ ਦੇ ਵੱਡੇ ਚਾਨਣ
ਕਹਿੰਦੇ ਹਨ ਕਾਵਿ-ਕਹਾਣੀ
ਇਹ ਸੱਚੋ-ਸੱਚ ਸਮੋਈ ਬੈਠੇ
ਪਿਆਰ ਦੇ ਪੁੰਜ, ਸਮੇਂ ਦੇ ਹਾਣੀ

ਵੰਨ-ਸੁਵੰਨੇ ਵਿਸ਼ਿਆਂ ਦਾ ਸੰਗਮ
ਇਹ ਸ਼ਬਦਾਂ ਦਾ ਸਫ਼ਰ ਸੁਹਾਨਾ
ਆਓ, ਸ਼ਬਦ ਕਾਫ਼ਲੇ ਦੇ ਵਿਚ ਰਲ ਕੇ
'ਮਕਸੂਦਪੁਰੀ' ਸਿੱਖੀਏ ਜਸ਼ਨ ਮਨਾਣਾ।

**-234, ਸੁਦਰਸ਼ਨ ਪਾਰਕ, ਮਕਸੂਦਾਂ, ਜਲੰਧਰ-144021,**
**ਮੋ. 99887-10234**

*****

### ਤੁਰ ਗਏ ਸੱਜਣ ਦੂਰ/ ਮਾੜੇ ਸਮੇਂ ਦੀ ਗੱਲ



ਇਥੇ ਚੜ੍ਹਦੇ ਸੂਰਜ ਨੂੰ ਲੋਕੀਂ ਨਿੱਤ ਪਏ ਸਿਜਦੇ ਕਰਦੇ।
ਮਾੜੇ ਸਮੇਂ 'ਚ ਮਤਲਬ ਵਾਲੇ ਕੋਲ ਖੜ੍ਹਣ ਤੋਂ ਡਰਦੇ।

ਇਥੇ ਕਤਲ ਕਰੋੜਾਂ ਕਰ, ਹਿਟਲਰ ਵਰਗੇ ਤੁਰ ਗਏ।
ਇਥੇ ਕਈ ਸਿਕੰਦਰ ਵਰਗੇ ਖਾਲੀ ਹੱਥੀਂ ਮੁੜ ਗਏ।
ਇਥੇ ਕੁਰਸੀ ਖ਼ਾਤਰ ਨੇ ਮੈਂ ਤਾਂ ਵੇਖੇ ਨੇਤਾ ਲੜਦੇ।
ਮਾੜੇ ਸਮੇਂ 'ਚ ਮਤਲਬ ਵਾਲੇ ਕੋਲ ਖੜ੍ਹਣ ਤੋਂ ਡਰਦੇ।

ਕਦੀ ਕਿਸੇ ਗਰੀਬ ਦੇ ਘਰ ਨਹੀਉਂ ਤਕੜਾ ਬੰਦਾ ਜਾਵੇ,
ਜੇ ਮਤਲਬ ਹੋਵੇ ਤਾਂ ਬੰਦਾ ਮੁੜ ਮੁੜ ਗੇੜੇ ਲਾਵੇ।
ਗੁੱਡੀ ਗਰੀਬ ਦੀ ਚੜ੍ਹਦੀ ਵੇਖ ਰਹਿੰਦੇ ਲੋਕੀਂ ਸੜਦੇ,
ਮਾੜੇ ਸਮੇਂ 'ਚ ਮਤਲਬ ਵਾਲੇ ਕੋਲ ਖੜ੍ਹਣ ਤੋਂ ਡਰਦੇ।

ਇਥੇ ਪੌਂਡ ਡਾਲਰਾਂ ਨੇ ਮੱਤ ਲੋਕਾਂ ਦੀ ਮਾਰੀ।
ਵਿਰਸੇ ਭੁੱਲ ਗਏ, ਪੁਰਖੇ ਭੁਲ ਗਏ, ਬੁੱਢਿਆਂ ਖੱਜਲ ਖੁਆਰੀ।
ਵਿਚ ਪਰਦੇਸੀਂ ਬੱਚੇ ਜਾ ਕੇ ਮਨ ਆਈਆਂ ਪਏ ਕਰਦੇ।
ਮਾੜੇ ਸਮੇਂ 'ਚ ਮਤਲਬ ਵਾਲੇ ਕੋਲ ਖੜ੍ਹਣ ਤੋਂ ਡਰਦੇ।

ਅੱਜ ਕੱਲ੍ਹ ਦੇ ਨੇਤਾ ਨੇ ਵੇਖੋ ਕੈਸੀ ਖੇਡ ਬਣਾਈ।
ਰਤਨ ਵਰਿੰਦਰ ਪਏ ਦੇਖਦੇ, ਕੁਰਸੀ ਲਈ ਲੜਾਈ।
ਮੈਂ ਰੋਂਦੇ ਵੇਖੇ ਨੇ ਟਾਹਲੀ ਵਿਚ, ਚੋਣਾਂ ਜੋ ਹਰਦੇ।
ਮਾੜੇ ਸਮੇਂ 'ਚ ਮਤਲਬ ਵਾਲੇ ਕੋਲ ਖੜ੍ਹਣ ਤੋਂ ਡਰਦੇ।

**ਰਤਨ ਟਾਹਲਵੀ**

## ਸ਼ਬਦਾਂ ਦੇ ਸੰਜੋਗ

* ਕਿਸੇ ਨੂੰ ਸਬਕ ਸਿਖਾਉਣ ਦੀ ਗੱਲ ਨਾ ਕਰੋ, ਕਿਉਂਕਿ ਸਬਕ ਸਿਖਾਏ ਨਹੀਂ ਜਾਂਦੇ, ਸਗੋਂ ਸਿੱਖੇ ਜਾਂਦੇ ਹਨ।
* ਤੁਹਾਨੂੰ ਪਿਆਰ ਕਰਨ ਵਾਲੇ ਲੋਕ ਤੁਹਾਨੂੰ ਸਮਝਦੇ ਹੁੰਦੇ ਹਨ ਪਰ ਤੁਹਾਨੂੰ ਦੁਸ਼ਮਣ ਸਮਝਣ ਵਾਲੇ ਲੋਕ ਤੁਹਾਨੂੰ ਜਾਣਦੇ ਹੁੰਦੇ ਹਨ।
* ਇਸ ਦੁਨੀਆਂ ਵਿਚ ਮਨੁੱਖ ਜਿਊਣ ਲਈ ਨਹੀਂ ਆਉਂਦਾ ਸਗੋਂ ਮਰਨ ਲਈ ਵੀ ਆਉਂਦਾ ਹੈ।
* ਸਾਨੂੰ ਦੋਸਤਾਂ ਦੇ ਔਗੁਣਾਂ ਦਾ ਪਤਾ ਹੁੰਦਾ ਹੈ, ਪਰ ਦੋਸਤੀ ਹੋਣ ਕਰਕੇ ਉਨ੍ਹਾਂ ਨੂੰ ਦੱਸ ਨਹੀਂ ਸਕਦੇ।
* ਜਿਹੜੇ ਲੋਕ ਆਪਣੀ ਵਿਦਵਤਾ ਦਾ ਢੰਡੋਰਾ ਪਿੱਟਣ ਲਈ ਸਟੇਜ਼ਾਂ 'ਤੇ ਬੋਲਦੇ ਹਨ ਅਸਲ ਵਿਚ ਉਹ ਵਿਦਵਾਨ ਨਹੀਂ ਹੁੰਦੇ।
* ਕਿਸੇ ਦੂਜੇ ਨੂੰ ਸੇਧ ਦੇਣ ਦੀ ਬਜਾਏ ਆਪਣੇ-ਆਪ ਨੂੰ ਸੇਧ ਦੇ ਲਈਏ ਤਾਂ ਸਭ ਕੁੱਝ ਸਿੱਧਾ ਹੋ ਸਕਦਾ ਹੈ।
* ਜਿਹੜਾ ਲੋਕ ਬੋਲਣ ਲੱਗੇ ਜ਼ਿਆਦਾ ਵਿਆਕਰਨ ਦਾ ਸਹਾਰਾ ਲੈਂਦੇ ਹਨ, ਉਨ੍ਹਾਂ ਦੇ ਬੋਲਣ ਵਿਚ ਮਿਠਾਸ ਨਹੀਂ ਹੁੰਦੀ।
* ਬਾਜੀ ਹਾਰ ਜਾਣ ਤੋਂ ਦੋ ਮਿੰਟ ਪਹਿਲਾਂ ਵੀ ਜੇ ਮਨੁੱਖ ਸੱਚ ਕਬੂਲ ਕਰ ਲਵੇ, ਤਾਂ ਉਹ ਹਾਰਨ ਤੋਂ ਪਹਿਲਾਂ ਜਿੱਤ ਜਾਂਦਾ ਹੈ।
* ਜੇ ਕਦੇ ਕਿਸੇ ਕੋਲੋਂ ਬਦਲਾ ਲੈਣਾ ਹੋਵੇ ਤਾਂ ਉਸ ਨੂੰ ਕਿਸੇ ਔਰਤ ਦੇ ਪ੍ਰੇਮ ਸਬੰਧਾਂ ਵਿਚ ਫਸਾ ਦਿਓ।
* ਸਾਡੇ ਦੁਸ਼ਮਣ ਦਾ ਨੁਕਸਾਨ ਸਾਡੀ ਇੱਛਾ ਅਨੁਸਾਰ ਨਹੀਂ ਹੁੰਦਾ ਉਸ ਦੇ ਕਰਮਾਂ ਅਨੁਸਾਰ ਹੁੰਦਾ ਹੈ।

● ● ●

## ਅਪੀਲ

ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।

-ਧੰਨਵਾਦ

● ● ●

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂੰ ਰੁੱਲ ਜਾਵੋਗੇ

# युवा वर्ग और बेकारी की समस्या

**भूमिका**-यों तो हमारे देश में विभिन्न प्रकार दी समस्याएँ है। ये सभी समस्याएँ बहुत ही जटिल विकट है। दहेज-प्रथा की समस्टा, सती-प्रथा की समस्या, बाल-विवाह की समस्या, मूल्य-वृद्धि की समस्या आदि समस्याओं के समान बेकारी की समस्या आज एक बहुत बड़ी ज्वलंत समस्या बन गई है। हालांकि इस समस्या के विश्व के अधिकांश देशों को प्रभावित किया है, तथापि हमारे देश को तो इसने नाकोदम कर रखा है। इस समस्या ने हमारे युवावग' के अन्त: करण को मथ-मथ करके उसे इतना अशान्त बना डाला है कि वह पथ भ्रष्य होने के सिवाय और कुछ नहीं कर पाता है।

**स्वरूप**-हमारे देश में बेकारी के तीन स्वरूप हैं-अशिक्षित बेकारी, शिक्षित बेकारी और प्रशिक्षित बेकारी। इस तीनों प्रकार की बेकारी से पृथक् एक और प्रकार की बेकारी है। वह है-अर्द्ध बेकारी। अर्द्ध बेकारी से तात्पर्य उस बेकारी से है, जो कुछ समय काम करने के बाद बेकारी की श्रेणी में आ जाती है। सबसे भिन्न और अद्‌भुत बेकारी वह होती है, जिसके अन्तर्गत ऐसे युवा-वर्ग आते हैं, जिन्हें अपनी योग्यता के अनुरूप काम नहीं मिला। फलत: वे ऐसी मजबूरी में काम करने लगते हैं, जिससे वे पूर्णरूप सन्तुष्ट नहीं होते है।

**कारण**-युवा बेकारी के कारण क्या हैं? इसके उत्तर में मात्र इतना ही कहना समुचित है कि इसके कारण अनेक है। इसके कारणों के विषय में विचारकों के मत एक नहीं है। कुछ विचारकों का विचार है कि बेरोकटोक गति से बढ़ती हुई जनसंख्या ही इसका मुख्य कारण है। दूसरे विचारकों का यह मानना है कि जनसंख्या की वृद्धि के अनुपात में काम या रोज़गार की व्यवस्था नहीं हो पातीहै। इसलिए बेकारी स्वाभाविक रूप से निरन्तर बढ़ती ही जा रही है। युवा-बेकारी का एक प्रमुख कारण है-शिक्षा-व्यवस्था रोज़गारोन्मुख न होना। आज की शिक्षा-व्यवस्था की विडम्बना यह है कि इस से युवा-वर्ग डिग्री-डिप्लोमा हासिल करके सेवा-पद और कार्य के अनुकूल स्वयं को योग्य सिद्ध नहीं कर पाता है। जहाँ तक पद-स्थान की बात है-तो वह यह है कि विज्ञान के प्रभाव से कम्प्यूटर जैसे रोज़गारपूरक आविष्कारों के फलस्वरूप सो-सो आदमियों के स्थान पर एक ही आदमी किसी काम भलीभाँति संभाल और पूरा कर लेता है। यही कारण है कि दिनों-दिन रिक्तियों की संख्या घटने लगी। उधर बेतहाशा बढ़ती हुई आबादी के कारण युवा-वर्ग की बेकारी दिनों-दिन बेकाबू होती गई है। रोज़गारप्रदक शिक्षा-व्यवस्था के न होने से युवा-मन शिक्षा से मुँह मोड़े रहता है। समुचित रोज़गार अथवा कोई समुचित सेवा-पद न मिल पाने से आज का अधिकांश युवा-वर्ग का शिक्षा से मोह-भंग होने लगा है।

युवा-वर्ग की बेकारी कारणों में एक अन्य कारण यह है कि शिक्षा-व्यवस्था ओर इससे संबंधित चालू होने वाली योजनाओं में वास्तविक तालमेल और तारतम्यता नहीं बन पाती है। यदि दोनों में तालमेल और तारतम्यता हो जाए, तो बेकारी कोई कारण बनकर के नहीं रह जाएगी। युवा-वर्ग की बेकारी का एक सूक्ष्म कारण यह है कि हमारे देश में घरेलू उद्योग-धन्धों के दिन लदते गए। हमारे युवा-वर्ग में अंधानुकरण मुख्य रूप से विदेशीकरण के प्रति दिनों-दिन रुझान बढ़ने लगा है। फलत: वह दिशाहीन होकर न घर का और न घाट का ही रह जाता है।

**प्रभाव**-बेकारी की समस्या हमारे देश की एक ऐसी भयंकर समस्या बन गई है कि इससे निजात पाना बहुत असंभव नहीं तो बहुत कठिन अवश्य लगता है। इससे हमारे देश में दिनों दिन आराजकता, भ्रष्टाचार और अनुशासनहीनता का वातावरण बनता जा रहा रहा है। इस समस्या ने हमारे देश की नीति, व्यवस्था, पद्धति को खोखला बनाना शुरू कर दिया है। युवा-वर्ग की बढ़ती हुई बेकारी से ही आज अनेक युवक चोरी, डकैती, हिंसा, उपद्रव, आत्महत्या जैसे घृणित कुकृत्यों में संलिप्त और संलग्न हो रहे हैं। इसी प्रकार युवा-वर्ग की बेकारी ने ही समाज में अपराधों की संख्या में वृद्धि करनी शुरू कर दी है। फलत: सभी पीड़ित और अशान्त होकर इस समस्या के समाधान के लिए कोई कारगार उपाय की अपेक्षा करने लगे हैं।

**वस्तुतः** इस समस्या ने हज़ारों-लाखों युवाओं को अनिश्चित और दिशाहीन अंधेरी गली में भटकाना शुरू कर दिया है। आज बेकार युवा-वर्ग से भरा-पूरा परिवार विभिन्न प्रकार के मानसिक उत्पीड़न भरी ज़िंदगी जीने के लिए विवश और किंकर्त्तव्य-विमूढ़ हो रहा है, उनकी विवशता और किंकर्त्तव्य-विमूढ़ता का मुख्य कारण यही होता है कि बेकार युवा-वर्ग से न केवल परिवार संतप्त और उत्पीड़न होता रहात है, अपितु आस-पास का समाज भी इस प्रकार की कठिनाइयों से बच नहीं पाता है।

**समाधान**-युवा-वर्ग की बेकारी की समस्या के समाधान उनके कारणों के समान एक नहीं अनेक हैं। युवा-वर्ग की बेकारी की समस्या के समाधान की दिशा में पहला कदम यह होना चाहिए कि शिक्षा को रोज़गारपूरक और रोज़गारोन्मुख होना चाहिए। शिक्षा में औद्योगिक शिक्षा को स्थान देना महत्वपूर्ण कदम होगा। घरेलू दस्तकारियों सहित अन्य उद्योग-धन्धों (कुटीर उद्योग-धन्धों) को स्थान देना एक अत्यन्न आवश्यक कदम होगा। शिक्षा व्यवस्था और इससे संबंधित योजनाओं में तालमेल बैठाने युवा वर्ग की बेकारी को दूर करने में बहुत अपेक्षित उपाय होगा।

युवा-वर्ग की बेकारी को दूर करने के लिए जनसंख्या पर नियंत्रण रखना नितान्त आवश्यक है। युवा-वर्ग को उनके रुचिप्रद कार्यों के अनुसार उन्हें उसमें लगाने के लिए हर प्रकार प्रोत्साहित करना चाहिए। इससे उनके मत की भटकन और असंतोष के भाव छिन्न-भिन्न हो सकते हैं।

**उपसंहार**-युवा-वर्ग की बेकारी युगानुरूप है। इसके समाधान के लिए इसके कारणों और स्वरूपों सहित इसके प्रभावों का गंभीरतापूर्वक अध्ययन-मनन बहुत आवश्यक है। अगर इसके प्रति लापरवाही के ऐसे दौर चलते रहेंगे, तो यह भयानक समस्या सुरसा के समान समाज और राष्ट की गति किस प्रकार अवरुद्ध कर देगी, कुछ भी कहना बहुत कठिन है।



# MATRIMONIAL



SEEKING SUITABLE MATCH FOR LUBANA SIKH BOY 29.09.1990 BORN, HEIGHT 6’, EDUCATION - B. Tech IN COMPUTER SCIENCE FROM PU, PATIALA, MASTER IN APPLIED COMPUTING FROM WINDSOR UNIVERSITY, CANADA. P.R WORKING IN IT SECTOR AT WINDSOR, ONTARIO. FATHER RETIRED FROM PB GOVT.;AN IFS OFFICER, MOTHER – RETIRED FROM WOMEN AND CHILD DEVLPMT.DEPT. AS JOINT DIRECTOR PB, ONE YOUNGER SISTER; BOTH WORKED AS SR. MANAGER WITH NTPC, DELHI& MASTER IN CLEAN ENERGY FROM BRITISH COLUMBIA UNIVERSITY, VANCOUVER, CANADA AND HER HUSBAND ALSO MASTER IN CLEAN ENERGY AT CALGERY, CANADA. ORIGINALLY FROM JALANDHAR, PARENTS CURRENTLY SETTLED IN CHANDIGARH; OWN PROPERTY IN GURGAON ALSO. CONTACT -9872381819, 8427656355.

* * * *

LOOKING FOR AN EDUCATED AND BEAUTIFUL BRIDE FOR CANADA SETTLED BOY, 1994 BORN, HEIGHT 6", FROM MOHALI-PB, EDUCATION MBA AND MASTER IN BUSINESS FROM CANADA, FAMILY – FATHER RETD. FROM GOVT. OF PUNJAB, SISTER HAPPILY MARRIED. GIRL WILLING TO SETTLE IN CANADA AFTER MARRIAGE OR ALREADY RESIDING AT CANADA. CONTACT -9988513281, 7973096844

* * * *

SEEKING MATCH FOR LOBANA SIKH GIRL FROM USA, DOB-14.11.1994, HEIGHT 5’5’’, HOMETOWN- NEW YORK, EDUCATION – DOCTOTRATE OF DENTAL SURGERY, DDS (USA), RESEARCHER (USA), BACHELOR OF DENTAL SURGERY, BDS (INDIA), FAMILY ONE SIBLING AND PARENTS. PREFERENCE WILL BE GIVEN TO USA CITIZEN ONLY. CONTACT – M-9878288371, AVTAR SINGH 9464259848.

* * * *

SEEKING CUTSURD MATCH FOR LUBANA GIRL, AGE 27 YEARS (10 JAN 1997), HEIGHT 4’10’’, QUALIFICATION 10+2- AND ONE-YEAR COMPUTER COURSE, MOTHER RETIRED AND ONE ELDER SISTER HAPPILY MARRIED, RESIDENCE IN MOHALI. FOR MORE DETAILS CONTACT: 9878012808

* * * *

SIMPLE FAMILY GIRL REQUIRED FOR 5'5'' KARTARPUR, JALANDHAR BOY, QUALIFICATIONS GRADUATE AND PURSUING M.A, PRESENTLY GRANTHI SINGH IN CHANDIGARH-SGPC AMRITSAR, PRESENTLY TEMPORAILY LIVING IN CHANDIGARHFAMILY- FATHER TEACHER, MOTHER CLERK IN SGPC DARBAR SAHIB AMRITSAR, FOR MORE DETAILS CONTACT - 9779888166

* * * *

SEEKING MATCH FOR 08 MAY 1997 BORN, 6' HEIGHT, B.S IN ELECTRICAL ENGINEERING BOY, OCCUPATION – AIRCRAFT MAINTENANCE ENGINEER AT BOEING, FAMILY- FATHER, MOTHER-LIVES IN LOS ANGELES, ELDER SISTER – HAPPILY MARRIED, ONE YOUNGER AND YOUNGEST BROTHER. FOR MORE DETAIL- CONTACT: 98761-20993

* * * *

LUBANA SIKH BOY..... DEC'92, 5.11FT BE MBA DY MANAGER FOREIGN BASED MNC @ DELHI NCR, REQUIRED....SAME QUALIFICATIONS QUALIFIED GIRL .... FOR FURTHER CHAT.... 9417145424, 8360907886.

* * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

● ● ●

ਪਾਇਆ ਹੋਵੇ ਪੰਜਾਬੀ ਸੂਟ,
ਸਿਰ ਚੁੰਨੀ ਬਿਨਾ ਫੱਬੇ ਮੁਟਿਆਰ ਨਾਂ।
ਮੁੱਛਾਂ ਕੁੰਡੀਆਂ ਕਰਾਲੇ ਭਾਵੇਂ ਲੱਖ,
ਮੁੰਡਾ ਪੱਗ ਬਿਨਾਂ ਲੱਗੇ ਸਰਦਾਰ ਨਾਂ।

# ਜਨਵਰੀ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ. | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਇੰਜ: ਕਰਨੈਲ ਸਿੰਘ<br>ਮ. ਨੰ: 503, ਜੀ.ਐਚ.14, ਸੈਕਟਰ-24, ਪੰਚਕੂਲਾ।<br>(ਆਪਣੀ ਧਰਮ ਪਤਨੀ ਬੀਬੀ ਦਵਿੰਦਰ ਕੌਰ ਦੀ ਯਾਦ ਵਿੱਚ ਭੇਟ ਕੀਤੇ।) | 208 | 1,00,000/- | 14.01.2024 |
| 2. | ਕਰਨਲ ਗੁਰਦੀਪ ਸਿੰਘ<br>ਮ. ਨੰ: 62, ਸੈਕਟਰ-71, ਮੋਹਾਲੀ।<br>(ਸਵਰਗਵਾਸੀ ਮੇਜਰ ਤਰਲੋਕ ਸਿੰਘ ਜੀ ਦੀ ਅੰਤਿਮ ਅਰਦਾਸ<br>ਮਿਤੀ 07.01.2024 ਸਮੇਂ ਭੇਟ ਕੀਤੇ।) | 216 | 21,000/- | 04.02.2024 |
| 3. | ਸ੍ਰ: ਸਵਰਨ ਸਿੰਘ, ਡੀ.ਆਈ.ਜੀ.(ਰਿਟਾ.)<br>(ਆਪਣੇ ਸਪੁੱਤਰ ਸ੍ਰ: ਸਵਰਨਦੀਪ ਸਿੰਘ, ਐਸ.ਐਸ.ਪੀ. (ਇੰਟੈਲਿਜੈਨਸ),<br>ਮੋਹਾਲੀ ਨੂੰ ਪ੍ਰੈਸੀਡੈਂਟ ਮੈਡਲ ਮਿਲਣ ਦੀ ਖੁਸ਼ੀ ਵਿੱਚ ਸ਼ੁਕਰਾਨਾ ਵਜੋਂ ਭੇਟ) | 213 | 5100/- | 04.02.2024 |
| 4. | ਪ੍ਰਿੰ: ਬਲਜੀਤ ਕੌਰ (ਰਿਟਾ.)<br>ਸੁਪਤਨੀ ਸੀ: ਐਡਵੋਕੇਟ ਰਘਬੀਰ ਸਿੰਘ ਟਰਕਿਆਨਾ<br>ਕੋਠੀ ਨੰ: 673, ਨਿਊ ਮਾਡਲ ਟਾਊਨ, ਹੁਸ਼ਿਆਰਪੁਰ। | 211 | 5000/- | 28.01.2024 |
| 5. | ਸ੍ਰ: ਕੇਵਲ ਸਿੰਘ<br>ਸਪੁੱਤਰ ਸ੍ਰ: ਗੁਰਮੁੱਖ ਸਿੰਘ, ਇੰਸਪੈਕਟਰ (ਰਿਟਾ.),<br>ਪਿੰਡ ਸਿਕਰੀ, ਪੀ.ਓ. ਮਿਆਨੀ, ਭਾਗੋਪੁਰਿਆਂ, ਕਪੂਰਥਲਾ।<br>(ਆਪਣੀ ਬੇਟੀ ਸਿਮਰਨ ਕੌਰ ਦੇ ਵਿਆਹ<br>ਮਿਤੀ-18.01.2024 ਨੂੰ ਖੁਸ਼ੀ ਵਿੱਚ ਭੇਟ ਕੀਤੇ।) | 210 | 2100/- | 28.01.2024 |
| 6. | ਸ੍ਰ: ਸੇਵਾ ਸਿੰਘ ਸਪੁੱਤਰ ਸ੍ਰ: ਸਰਦਾਰ ਸਿੰਘ<br>ਗਲੀ ਨੰ:3, ਰੰਧਾਵਾ ਕਲੋਨੀ, ਮੁਕੇਰੀਆਂ, ਹੁਸ਼ਿਆਰਪੁਰ। | 209 | 1100/- | 28.01.2024 |
| 7. | ਸਰਦਾਰਨੀ ਹਰਪ੍ਰੀਤ ਕੌਰ<br>ਮ. ਨੰ: 2218, ਸੈਕਟਰ-38-ਸੀ, ਚੰਡੀਗੜ੍ਹ। | 214 | 1100/- | 04.02.2024 |
| 8. | ਸਰਦਾਰਨੀ ਹਰਪ੍ਰੀਤ ਕੌਰ<br>ਮ. ਨੰ: 2218, ਸੈਕਟਰ-38-ਸੀ, ਚੰਡੀਗੜ੍ਹ। | 215 | 1100/- | 04.02.2024 |
| 9. | ਸ੍ਰ: ਜਸਵੰਤ ਸਿੰਘ<br>(ਆਨਲਾਇਨ ਪ੍ਰਾਪਤ ਦਾਨ ਦੀ ਰਾਸ਼ੀ) | 191 | 500/- | 31.12.2023 |
| 10. | ਸ੍ਰ: ਜਸਵੰਤ ਸਿੰਘ<br>(ਆਨਲਾਇਨ ਪ੍ਰਾਪਤ ਦਾਨ ਦੀ ਰਾਸ਼ੀ) | 192 | 500/- | 31.12.2023 |
| 11. | ਗੁਪਤਦਾਨ<br>(ਆਨਲਾਇਨ ਪ੍ਰਾਪਤ ਦਾਨ ਦੀ ਰਾਸ਼ੀ) | 193 | 500/- | 31.12.2023 |
| 12. | ਪੰਡਿਤ ਰਾਮ ਕੁਮਾਰ<br>ਬ.ਮ.ਸ.ਲ ਫਾਊਂਡੇਸ਼ਨ, ਚੰਡੀਗੜ੍ਹ। | 195 | 500/- | 14.01.2024 |
| 13. | ਸ੍ਰ: ਮਨਜੀਤ ਸਿੰਘ ਲੁਬਾਣਾ<br>ਇੰਚਾਰਜ ਗੁਰੂ ਘਰ ਮ. ਨੰ: 873, ਫ਼ੇਸ-10, ਮੋਹਾਲੀ। | 196 | 500/- | 14.01.2024 |

| | | | | |
|---|---|---|---|---|
| 14. | ਸ੍ਰ: ਸੁਰਿੰਦਰ ਸਿੰਘ<br>ਮ. ਨੰ: 527, ਫ਼ੇਸ-10, ਮੋਹਾਲੀ। | 197 | 500/- | 14.01.2024 |
| 15. | ਸ੍ਰ: ਬਲਵਿੰਦਰ ਸਿੰਘ ਮੁਲਤਾਨੀ<br>ਮ. ਨੰ: 541, ਫ਼ੇਸ-3-ਏ, ਮੋਹਾਲੀ। | 201 | 500/- | 14.01.2024 |
| 16. | ਕਰਨਲ ਜੇ.ਐਸ. ਮੁਲਤਾਨੀ<br>ਮ.ਨੰ: 114, ਸੈਕਟਰ-33-ਏ,ਚੰਡੀਗੜ੍ਹ। | 204 | 500/- | 14.01.2024 |
| 17. | ਕਰਨਲ ਟੀ.ਬੀ. ਐਸ. ਬੇਦੀ<br>ਮ.ਨੰ: 1630, ਫ਼ੇਸ-9, ਮੋਹਾਲੀ। | 205 | 500/- | 14.01.2024 |
| 18. | ਸ੍ਰ: ਅਮਰਜੀਤ ਸਿੰਘ ਮੁਲਤਾਨੀ<br>ਮ.ਨੰ: 42, ਸੈਕਟਰ-16-ਏ,ਚੰਡੀਗੜ੍ਹ। | 207 | 500/- | 14.01.2024 |
| 19. | ਗੁਪਤਦਾਨ<br>(ਆਨਲਾਇਨ ਪ੍ਰਾਪਤ ਦਾਨ ਦੀ ਰਾਸ਼ੀ) | 212 | 500/- | 28.01.2024 |
| 20. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ<br>ਵਿੱਤ ਸਕੱਤਰ, ਮ. ਨੰ: -3405, ਸੈਕਟਰ 40-ਡੀ, ਚੰਡੀਗੜ੍ਹ। | 198 | 200/- | 14.01.2024 |
| 21. | ਸ੍ਰ: ਨਿਰਮਲ ਸਿੰਘ<br>ਮ. ਨੰ: 2354, ਫ਼ੇਸ- 10, ਮੋਹਾਲੀ। | 199 | 200/- | 14.01.2024 |
| 22. | ਸ੍ਰ: ਰਵਿੰਦਰ ਸਿੰਘ<br>ਮ. ਨੰ: 2092, ਸੈਕਟਰ-45-ਸੀ, ਚੰਡੀਗੜ੍ਹ। | 200 | 200/- | 14.01.2024 |
| 23. | ਸੂਬੇਦਾਰ ਮੇਜਰ ਜਸਪਾਲ ਸਿੰਘ<br>ਮੈਟੀਨੈਂਸ ਸੱਕਤਰ, ਮ.ਨੰ: 18, ਏ.ਕੇ.ਐਸ ਕਲੋਨੀ, ਜ਼ੀਰਕਪੁਰ। | 202 | 200/- | 14.01.2024 |
| 24. | ਸ੍ਰ: ਐਚ.ਐਸ.ਘੋਤੜਾ<br>ਮ.ਨੰ: 11, ਸੈਕਟਰ-39-ਏ, ਚੰਡੀਗੜ੍ਹ। | 206 | 200/- | 14.01.2024 |
| 25. | ਸ੍ਰ: ਅਮਰਜੀਤ ਸਿੰਘ ਮੁਲਤਾਨੀ<br>ਮ.ਨੰ: 2281, ਟੈਲੀਹੋਜ਼, ਸੈਕਟਰ-50-ਸੀ, ਚੰਡੀਗੜ੍ਹ। | 203 | 100/- | 14.01.2024 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਸੈਕਟਰ 30-ਏ, ਚੰਡੀਗੜ੍ਹ ਵਿਖੇ ਮਾਘਿ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ








**PRABHSEHAJ SINGH**
**(18 Years old)**
**S/O Sardul Singh**
**from Village Balarwal,**
**District Gurdaspur**
**Joined US**
**MARINES in California.**
**A proud moment for**
**Lobana Community.**

ਲੱਖ ਖੁਸੀਆਂ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥

# Heartiest Congratulations



S. Swaran Singh, D.I.G (Retd.) CRPF



S. Swarandeep Singh, P.P.S, S.S.P (Intelligence), Mohali

S. Swarandeep Singh, P.P.S, now S.S.P (Intelligence), Mohali, Punjab S/o S. Swaran Singh, D.I.G (Retd.) has been conferred with President's medal for distinguished Services is a richly deserved honour for a Police officer while in service. This President's Medal award is given after scrutiny by a high-level committee of Government of India.

The President's Medal for Distinguished Services (PMDS) is awarded after a rigorous scrutiny process and examination of service records by High-Level Committee in Government of India. It is a recognition of the outstanding work performed by him throughout your service career.

His Father **S. Swaran Singh, DIG (Retd.) CRPF,** resident of 1114, Urban Estate, Phase-1, Jalandhar had attained this honour of award of President's Medal earlier while serving in CRPF in the year 1996.

So, **S.Swarndeep Singh** following in his father's footsteps has once again, made the community proud as he has been also awarded the President's Medal for Distinguished Services on the occasion of Republic Day 2024.

**S. Swarndeep Singh** also The first Lubana Police officer of Punjab State who has rendered his distinguished services while serving as SSP in four districts of Punjab State.

Lubana Community feels proud on this honour and wishes best for his future successand honours.

Baba Makhan Shah Lobana Foundation (Regd.), Chandigarh, its President and all the members feel proud for these exceptionally Professional Achievements with Dedication to the duty. We wish that as per their family tradition, he may achieve more laurels in future also.

**S. Gurcharan Singh**
**Sr. V.P (H.Q) cum General Secretary,**
**B.M.S.L. Foundation (Regd.), Sec 30-A, Chandigarh**